


# ਮਹਿਕ-ਏ-ਵਤਨ
# MehakEwattan
Monthly Newspaper





Hardev Brar
Chief Editor

• Vol-I • Issue-7 • Phone : +64,274-427-338 +64 09 3900004 • mehakewattan@gmail.com • December 2023



07 ਨਿਊਜ਼ੀਲੈਂਡ ਦੇ ਸਿੱਖ ਸਟੇਡੀਅਮ ਟਾਕਾਨੀਨੀ 'ਚ ਕਬੱਡੀ ਸਿਤਾਰਿਆਂ ਨੇ ਮਚਾਈ ਧੁਮ





09 ਕੁਝ ਗਲਤੀਆਂ ਦੀ ਇੰਨੀ ਵੱਡੀ ਸਜ਼ਾ !





13 'ਐਨੀਮਲ' ਨੇ ਤੋੜਿਆ 'ਪਠਾਨ' ਸਣੇ ਕਈ ਫ਼ਿਲਮਾਂ ਦਾ ਰਿਕਾਰਡ






17 ਦਸੰਬਰ ਮਹੀਨੇ ਸ਼ਹੀਦੀ ਦਿਹਾੜਿਆਂ ਦਾ ਮਹੱਤਵ




# ਨਿਊਜੀਲੈਂਡ ਵਾਸੀਆਂ ਨੂੰ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਵੱਲੋਂ ਤੋਹਫਾ

ਆਕਲੈਂਡ – ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਆਪਣੀ ਨਵੀਂ ਸਰਕਾਰ ਦੀ ਪਹਿਲੇ 100 ਦਿਨ ਦੀ ਯੋਜਨਾ ਤਹਿਤ ਨਿਊਜੀਲੈਂਡ ਵਾਸੀਆਂ ਨੂੰ ਇੱਕ ਹੋਰ ਰਾਹਤ ਦੇਣ ਦਾ ਫੈਸਲਾ ਲਿਆ ਹੈ। ਕ੍ਰਿਸਟੋਫਰ ਲਕਸਨ ਨੇ ਐਲਾਨ ਕੀਤਾ ਹੈ ਕਿ ਨਿਊਜੀਲੈਂਡ ਵਾਸੀਆਂ ਨੂੰ ਮਹਿੰਗਾਈ ਤੋਂ ਰਾਹਤ ਦੇਣ ਲਈ ਟੈਕਸ ਕ੍ਰੈਡਿਟ ਵਿੱਚ ਵਾਧਾ ਕੀਤਾ ਜਾਏਗਾ ਅਤੇ ਇਸਨੂੰ ਵੈਲਕਮ ਬੂਸਟ ਦਾ ਨਾਮ ਦਿੱਤਾ ਹੈ। ਸਰਕਾਰ ਵਲੋਂ 1 ਅਪ੍ਰੈਲ 2024 ਤੋਂ ਵਰਕਿੰਗ ਫਾਰ ਫੈਮਿਲੀ ਟੈਕਸ ਕ੍ਰੈਡਿਟ ਵਿੱਚ ਵਾਧਾ ਕੀਤਾ ਜਾਏਗਾ।

ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਲੋਕਾਂ ਨੂੰ ਟੈਕਸ ਤੋਂ ਰਾਹਤ ਮਿਲੇਗੀ। ਨਿਊਜ਼ੀਲੈਂਡ ਦੀ ਐਕਸ਼ਨ ਫਾਰ ਸਮੋਕਫ੍ਰੀ 2025 ਕਮੇਟੀ ਦੇ ਚੇਅਰਮੈਨ ਐਮਰੀਟਸ ਪ੍ਰੋਫੈਸਰ ਰੌਬਰਟ ਬੀਗਲਹੋਲ ਨੇ ਕਿਹਾ, "ਇਹ ਸੁਝਾਅ ਕਿ ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੁਆਰਾ ਟੈਕਸ ਵਿੱਚ ਕਟੌਤੀ ਕੀਤੀ ਜਾਵੇਗੀ, ਇਹ ਬਿਲਕੁਲ ਹੈਰਾਨ ਕਰਨ ਵਾਲਾ ਹੈ।"

ਦਰਅਸਲ ਦਸੰਬਰ 2022 ਵਿੱਚ ਜੈਸਿੰਡਾ ਅਰਡਰਨ ਦੀ ਅਗਵਾਈ ਵਾਲੀ ਸਰਕਾਰ ਨੇ ਨਿਊਜ਼ੀਲੈਂਡ ਦੀ ਸੰਸਦ ਵਿੱਚ ਤੰਬਾਕੂ ਅਤੇ ਸਿਗਰੇਟ 'ਤੇ ਪਾਬੰਦੀ ਲਗਾਉਣ ਵਾਲਾ ਸਮੋਕ ਮੁਕਤ ਵਾਤਾਵਰਣ ਐਕਟ ਪਾਸ ਕੀਤਾ ਸੀ। ਤੁਹਾਨੂੰ ਦੱਸ ਦੇਈਏ ਕਿ ਨਿਊਜ਼ੀਲੈਂਡ ਵਿੱਚ ਨਵੀਂ ਸਰਕਾਰ ਬਣ ਗਈ ਹੈ। ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ, ਜਿਨ੍ਹਾਂ ਨੇ ਸੋਮਵਾਰ ਨੂੰ ਸਹੁੰ ਚੁੱਕੀ, ਨੇ ਤੰਬਾਕੂ ਪਾਬੰਦੀ ਦੇ ਲਾਗੂ ਹੋਣ ਤੋਂ ਪਹਿਲਾਂ ਇਸ ਨੂੰ ਰੱਦ ਕਰਨ ਦੇ ਆਪਣੇ ਫ਼ੈਸਲੇ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਆਰਥਿਕਤਾ ਨੂੰ ਸੁਧਾਰਨਾ ਅਤੇ ਮਹਿੰਗਾਈ ਨੂੰ ਰੋਕਣਾ ਹੈ।

ਪਹਿਲਾਂ ਲਏ ਗਏ ਫ਼ੈਸਲੇ ਤਹਿਤ 2008 ਤੋਂ ਬਾਅਦ ਪੈਦਾ ਹੋਏ ਲੋਕ ਕਿਸੇ ਵੀ ਤਰ੍ਹਾਂ ਦੇ ਸਿਗਰਟਨੋਸ਼ੀ ਉਤਪਾਦ ਨਹੀਂ ਖਰੀਦ ਸਕਦੇ ਸਨ। ਇਸ ਕਾਨੂੰਨ ਵਿੱਚ ਇੱਕ ਵਿਵਸਥਾ ਕੀਤੀ ਗਈ ਸੀ ਕਿ 1 ਜਨਵਰੀ 2009 ਤੋਂ ਬਾਅਦ ਪੈਦਾ ਹੋਏ ਕਿਸੇ ਵੀ ਨੌਜਵਾਨ ਨੂੰ ਤੰਬਾਕੂ ਨਹੀਂ ਵੇਚਿਆ ਜਾਵੇਗਾ। ਇਸ ਕਾਨੂੰਨ ਤਹਿਤ ਸਿਗਰਟ ਖਰੀਦਣ ਦੀ ਘੱਟੋ-ਘੱਟ ਉਮਰ ਵੀ ਸਾਲ ਦਰ ਸਾਲ ਵਧਾਈ ਜਾਣੀ ਸੀ।

ਨਿਊਜ਼ੀਲੈਂਡ ਕੋਲ ਅਗਲੀ ਪੀੜ੍ਹੀ ਲਈ ਸਿਗਰਟਨੋਸ਼ੀ ਨੂੰ ਗੈਰ-ਕਾਨੂੰਨੀ ਬਣਾਉਣ ਲਈ ਦੁਨੀਆ ਦਾ ਪਹਿਲਾ ਕਾਨੂੰਨ ਸੀ। ਪਰ ਹੁਣ 'ਦਿ ਗਾਰਡੀਅਨ' ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਿਊਜ਼ੀਲੈਂਡ ਦੀ ਨਵੀਂ ਸਰਕਾਰ ਤੰਬਾਕੂ ਅਤੇ ਸਿਗਰੇਟ 'ਤੇ ਪਾਬੰਦੀ ਲਗਾਉਣ ਵਾਲੇ ਇਸ ਕਾਨੂੰਨ ਨੂੰ ਖ਼ਤਮ ਕਰ ਦੇਵੇਗੀ।

ਬੀਬੀਸੀ ਦੀ ਰਿਪੋਰਟ ਮੁਤਾਬਕ ਸਿਹਤ ਮਾਹਿਰਾਂ ਨੇ ਇਸ ਅਚਾਨਕ ਉਲਟਫੇਰ ਦੀ ਸਖ਼ਤ ਆਲੋਚਨਾ ਕੀਤੀ ਹੈ।




ਦ ਫੈਮਿਲੀ ਟੈਕਸ ਕ੍ਰੈਡਿਟ ਰੇਟਸ ਨੂੰ ਪ੍ਰਤੀ ਹਫਤੇ ਸਭ ਤੋਂ ਵੱਡੇ ਬੱਚੇ ਲਈ $136 ਤੋਂ ਵਧਾਕੇ $144 ਕਰ ਦਿੱਤਾ ਜਾਏਗਾ ਅਤੇ ਬਾਕੀ ਦੇ ਬੱਚਿਆਂ ਲਈ $111 ਤੋਂ $117 ਪ੍ਰਤੀ ਬੱਚਾ ਕਰ ਦਿੱਤਾ ਜਾਏਗਾ। ਬੈਸਟ ਸਟਾਰਟ ਟੈਕਸ ਕ੍ਰੈਡਿਟ ਨੂੰ ਵਧਾਕੇ $69 ਤੋਂ $73 ਪ੍ਰਤੀ ਹਫਤਾ ਕਰ ਦਿੱਤਾ ਜਾਏਗਾ।

ਕ੍ਰਿਸਟੋਫਰ ਲਕਸਨ ਨੇ ਇਹ ਵੀ ਕਿਹਾ ਹੈ ਕਿ ਇਸ ਉੱਦਮ ਤੋਂ ਇਲਾਵਾ ਮਹਿੰਗਾਈ ਘਟਾਉਣ ਲਈ ਉਹ ਰਿਜ਼ਰਵ ਬੈਂਕ ਵਲੋਂ ਸਿੰਗਲ ਮੈਂਡੇਟ ਵੀ ਅਮਲ ਵਿੱਚ ਲਿਆਉਣ ਲਈ ਨਵਾਂ ਕਾਨੂੰਨ, ਹਾਊਸ ਵਿੱਚ ਅਗਲੇ ਹਫਤੇ ਪੇਸ਼ ਕਰਨਗੇ।


Rubal Singh
Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com
www.rubalsingh.co.nz

Ray White Manukau | AT Realty Limited Licensed (REAA 2008)


## ਆਕਲੈਂਡ 'ਚ ਘਰਾਂ ਦੀਆਂ ਕੀਮਤਾਂ ਛੂਹ ਰਹੀਆਂ ਅਸਮਾਨ



ਆਕਲੈਂਡ- ਆਕਲੈਂਡ ਦੇ ਡਬਲ ਗ੍ਰਾਮਰ ਸਕੂਲ ਜੋਨ ਵਿੱਚ ਸਥਿਤ 5 ਬੈਡਰੂਮ ਵਾਲੇ ਘਰ ਨੂੰ ਆਕਸ਼ਨ ਤੋਂ ਬਾਅਦ $1.995 ਮਿਲੀਅਨ ਵਿੱਚ ਵੇਚਿਆ ਗਿਆ ਹੈ। 1990 ਵਿੱਚ ਬਣੇ ਇਸ ਘਰ ਨੂੰ ਜਦੋਂ 2006 ਵਿੱਚ ਅਖੀਰਲੀ ਵਾਰ ਖ੍ਰੀਦਿਆ ਗਿਆ ਤਾਂ ਮਾਲਕ ਨੇ ਇਸ ਨੂੰ $1.195 ਮਿਲੀਅਨ ਵਿੱਚ ਖ੍ਰੀਦਿਆ ਸੀ। ਹੁਣ ਇਸ ਘਰ ਵਿੱਚ ਕੰਸਟਰਕਸ਼ਨ ਸਬੰਧੀ ਬਹੁਤ ਖਾਮੀਆਂ ਸਨ, ਜਿਨ੍ਹਾਂ ਵਿੱਚ ਛੱਤ ਦੇ ਵਿੱਚ ਮੋਰੀਆਂ ਬਨਣਾ ਅਤੇ ਕਈ ਹੋਰ ਥਾਵਾਂ 'ਤੇ ਲੀਕੇਜ ਦਾ ਹੋਣਾ ਸ਼ਾਮਿਲ ਸੀ, ,

ਪਰ ਇਸ ਦੇ ਬਾਵਜੂਦ ਇਸ ਘਰ ਨੂੰ ਖ੍ਰੀਦਣ ਲਈ 4 ਖ੍ਰੀਦਾਰਾਂ ਵਿਚਾਲੇ ਬਰਾਬਰੀ ਦੀ ਟੱਕਰ ਰਹੀ। ਇਹ ਘਰ ਮਾਊਂਟ ਈਡਰ ਰੋਡ 'ਤੇ ਸਥਿਤ ਹੈ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

GTB
Horticulture Ltd
Our Commitment - Your Relief

ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal 021 147 1502
Manpreet Singh Batth 020 4057 2327
Email: gtb.horticulture@gmail.com

Travel Point
0800 66 11 88
Specialist for Indian Subcontinent Travel



Competitive Pricing
Trusted Service
Customer Focus
Leisure & Business Travel
Group & Tour Bookings
TICKETING
TOURS
HOLIDAYS
SANDRINGHAM OFFICE
521 Sandringham Road
Sandringham, Auckland, Ph: 09-815 3595
PAPATOETOE OFFICE
14 East Tamaki Road,
Papatoetoe, Auckland, Ph: 09-277 0592
Emergency 24/7: 027 491 8583
www.travelpoint.co.nz


# ਨਿਊਜ਼ੀਲੈਂਡ ਦੇ ਸਕੂਲਾਂ 'ਚ ਫੋਨ ਦੀ ਵਰਤੋਂ 'ਤੇ ਲੱਗੇਗੀ ਪਾਬੰਦੀ

ਵੈਲਿੰਗਟਨ - ਨਿਊਜ਼ੀਲੈਂਡ ਦੇ ਨਵੇਂ ਪ੍ਰਧਾਨ ਮੰਤਰੀ ਨੇ ਬੁੱਧਵਾਰ ਨੂੰ ਆਪਣੇ ਦਫਤਰ ਦੇ ਪਹਿਲੇ 100 ਦਿਨਾਂ ਲਈ ਅਭਿਲਾਸ਼ੀ ਏਜੰਡਾ ਜਾਰੀ ਕੀਤਾ। ਇਸ ਏਜੰਡੇ ਵਿੱਚ ਸਕੂਲਾਂ ਵਿੱਚ ਸੈਲਫੋਨ ਦੀ ਵਰਤੋਂ 'ਤੇ ਪਾਬੰਦੀ ਲਗਾਉਣਾ ਅਤੇ ਤੰਬਾਕੂ ਕੰਟਰੋਲ ਨੂੰ ਰੱਦ ਕਰਨ ਦੀ ਯੋਜਨਾ ਸ਼ਾਮਲ ਹੈ।ਆਕਲੈਂਡ ਦੇ ਮੈਨੁਰੇਵਾ ਇੰਟਰਮੀਡੀਏਟ ਵਿਖੇ ਨਵੀਂ ਸਿੱਖਿਆ ਮੰਤਰੀ ਏਰਿਕਾ ਸਟੈਨਫੋਰਡ ਦੇ ਨਾਲ ਮੀਡੀਆ ਨਾਲ ਗੱਲ ਕਰਦੇ ਹੋਏ, ਪ੍ਰਧਾਨ ਮੰਤਰੀ ਲਕਸਨ ਨੇ ਕਿਹਾ ਕਿ, "ਅਸੀਂ ਨਿਊਜ਼ੀਲੈਂਡ ਭਰ ਦੇ ਸਕੂਲਾਂ ਵਿੱਚ ਫੋਨਾਂ 'ਤੇ ਪਾਬੰਦੀ ਲਗਾਉਣ ਜਾ ਰਹੇ ਹਾਂ"।

ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸਧਾਰਨ ਗੱਲ ਹੈ ਕਿ ਤੁਸੀਂ ਇਸ ਤਰ੍ਹਾਂ ਦੇ ਚੰਗੇ ਸਕੂਲ ਵੇਖਦੇ ਹੋ ਜੋ ਪਹਿਲਾਂ ਹੀ ਇਹ ਫ਼ੈਸਲਾ ਲੈ ਚੁੱਕੇ ਹਨ ਅਤੇ ਵਧੀਆ ਵਿੱਦਿਅਕ ਨਤੀਜੇ ਪ੍ਰਾਪਤ ਕਰਨਾ ਲੰਬੇ ਸਮੇਂ ਤੋਂ ਚੱਲੀ ਆ ਰਿਹਾ ਰਿਵਾਜ ਹੈ।ਪੋਡੀਅਮ 'ਤੇ ਬੈਠਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਲਕਸਨ ਦੇ ਪਸੰਦੀਦਾ ਗੀਤ ਲੰਚਮਨੀ ਲੇਵਿਸ ਦੁਆਰਾ 'ਬਿੱਲਜ਼' ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ ਸੀ।

ਨਵੀਂ ਸਿੱਖਿਆ ਮੰਤਰੀ ਸਟੈਨਫੋਰਡ ਨੇ ਕਿਹਾ ਕਿ ਸਾਡੇ ਅੱਧੇ ਤੋਂ ਵੀ ਘੱਟ ਨੌਜਵਾਨ ਸਾਖਰਤਾ ਅਤੇ ਗਿਣਤੀ ਦੇ ਮਿਆਰਾਂ ਨੂੰ ਪੂਰਾ ਕਰਨ ਦੇ ਯੋਗ ਹਨ।ਉਨ੍ਹਾਂ ਨੇ ਕਿਹਾ ਕਿ ਪਾਠਕ੍ਰਮ ਵਰਤਮਾਨ ਵਿੱਚ ਅਧਿਆਪਕਾਂ ਜਾਂ ਬੱਚਿਆਂ ਦਾ ਸਮਰਥਨ ਨਹੀਂ ਕਰ ਰਿਹਾ ਹੈ ਅਤੇ ਇਹੀ ਕਾਰਣ ਹੈ ਕਿ ਉਹ ਸਾਖਰਤਾ ਅਤੇ ਗਿਣਤੀ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰ ਰਹੇ ਹਨ।

ਉਸਨੇ ਕਿਹਾ ਕਿ ਪਹਿਲਾ ਨਵਾਂ ਕਾਨੂੰਨ, ਜਿਸ ਨੂੰ ਉਸਨੇ ਪਾਸ ਕਰਨ ਦੀ ਯੋਜਨਾ ਬਣਾਈ ਹੈ, ਉਹ ਮਹਿੰਗਾਈ ਨੂੰ ਕਾਬੂ ਵਿੱਚ ਰੱਖਣ 'ਤੇ ਧਿਆਨ ਕੇਂਦਰਿਤ ਕਰਨ ਦੇ ਕੇਂਦਰੀ ਬੈਂਕ ਦੇ ਅਧਿਕਾਰ ਖੇਤਰ ਨੂੰ ਸੀਮਤ ਕਰ ਦੇਵੇਗਾ।ਇਹ ਘੱਟ ਮਹਿੰਗਾਈ ਅਤੇ ਉੱਚ ਰੁਜ਼ਗਾਰ 'ਤੇ ਰਿਜ਼ਰਵ ਬੈਂਕ ਦੇ ਮੌਜੂਦਾ ਦੋਹਰੇ ਫੋਕਸ ਨੂੰ ਬਦਲ ਦੇਵੇਗਾ।100 ਦਿਨਾਂ ਦੀ ਯੋਜਨਾ ਵਿੱਚ ਕਈ ਕਾਰਵਾਈਆਂ ਵਿੱਚ ਪਿਛਲੀ ਉਦਾਰਵਾਦੀ ਸਰਕਾਰ ਦੀਆਂ ਪਹਿਲਕਦਮੀਆਂ ਨੂੰ ਰੱਦ ਕਰਨਾ ਸ਼ਾਮਲ ਹੈ, ਜੋ ਛੇ ਸਾਲਾਂ ਤੋਂ ਸੱਤਾ ਵਿੱਚ ਸੀ।ਨਵੇਂ ਯਤਨਾਂ ਵਿੱਚ ਨਵਿਆਉਣਯੋਗ ਊਰਜਾ ਉਤਪਾਦਨ ਨੂੰ ਦੁੱਗਣਾ ਕਰਨ ਦੀ ਯੋਜਨਾ ਸ਼ਾਮਲ ਹੈ।ਲਕਸਨ ਨੇ ਕਿਹਾ ਕਿ ਬਹੁਤ ਸਾਰੇ ਉਪਾਵਾਂ ਦਾ ਉਦੇਸ਼ ਆਰਥਿਕਤਾ ਵਿੱਚ ਸੁਧਾਰ ਕਰਨਾ ਹੈ।



ਕਈ ਯੋਜਨਾਵਾਂ ਵਿਵਾਦਪੂਰਨ ਸਾਬਤ ਹੋ ਰਹੀਆਂ ਹਨ, ਜਿਸ ਵਿੱਚ ਪਿਛਲੀ ਸਰਕਾਰ ਦੁਆਰਾ ਪਿਛਲੇ ਸਾਲ ਪ੍ਰਵਾਨਿਤ ਤੰਬਾਕੂ ਪਾਬੰਦੀਆਂ ਨੂੰ ਰੱਦ ਕਰਨਾ ਵੀ ਸ਼ਾਮਲ ਹੈ। ਇਹਨਾਂ ਵਿੱਚ ਸਿਗਰੇਟ ਵਿੱਚ ਨਿਕੋਟੀਨ ਦੇ ਘੱਟ ਪੱਧਰ, ਘੱਟ ਪ੍ਰਚੂਨ ਵਿਕਰੇਤਾਵਾਂ ਅਤੇ ਨੌਜਵਾਨਾਂ ਲਈ ਉਮਰ ਭਰ ਦੀ ਪਾਬੰਦੀ ਲਈ ਲੋੜਾਂ ਸ਼ਾਮਲ ਸਨ।ਲਕਸਨ ਦੀ ਸਰਕਾਰ ਨੇ ਕਿਹਾ ਕਿ ਤੰਬਾਕੂ ਪਾਬੰਦੀਆਂ ਨੂੰ ਖਤਮ ਕਰਨਾ ਨਾਲ ਹੋਰ ਟੈਕਸ ਡਾਲਰ ਲਿਆਏਗਾ, ਹਾਲਾਂਕਿ ਲਕਸਨ ਨੇ ਬੁੱਧਵਾਰ ਨੂੰ ਕਿਹਾ ਕਿ ਇਹ ਪੈਸੇ ਲਈ ਸਿਹਤ ਦਾ ਵਪਾਰ ਕਰਨ ਦਾ ਮਾਮਲਾ ਨਹੀਂ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਯੋਜਨਾ ਜਨਤਕ ਸਿਹਤ ਲਈ ਇੱਕ ਝਟਕਾ ਹੈ ਅਤੇ ਤੰਬਾਕੂ ਉਦਯੋਗ ਲਈ ਇੱਕ ਜਿੱਤ ਹੈ।

# ਨਿਊਜੀਲੈਂਡ ਦੀ ਸਿਟੀਜਨਸ਼ਿਪ ਹਾਸਿਲ ਕਰਨ ‘ਚ ਭਾਰਤੀ ਪਹਿਲੇ ਨੰਬਰ ‘ਤੇ




ਆਕਲੈਂਡ- ਨਿਊਜ਼ੀਲੈਂਡ ਵਰਗੇ ਦੇਸ਼ ਦੇ ਵਿੱਚ ਸਿਟੀਜਨਸ਼ਿਪ ਹਾਸਿਲ ਕਰਨਾ ਕਾਫ਼ੀ ਔਖਾ ਕੰਮ ਮੰਨਿਆ ਜਾਂਦਾ ਹੈ। ਪਰ ਅਸੀਂ ਤੁਹਾਨੂੰ ਕੁੱਝ ਅਜਿਹੇ ਅੰਕੜੇ ਦੱਸਣ ਜਾ ਰਹੇ ਹਾਂ ਜਿਨ੍ਹਾਂ ਬਾਰੇ ਜਾਣ ਤੁਸੀ ਵੀ ਹੈਰਾਨ ਰਹਿ ਜਾਓਗੇ ਤੇ ਕਹੋਂਗੇ ਕਿ ਭਾਰਤੀਆਂ ਲਈ ਸ਼ਾਇਦ ਇਹ ਕੰਮ ਵੀ ਸੌਖਾ ਹੀ ਹੈ। ਦਰਅਸਲ ਡਿਪਾਰਟਮੈਂਟ ਆਫ ਇੰਟਰਨਲ ਅਫੇਅਰਜ਼ ਨਿਊਜ਼ੀਲੈਂਡ ਨੇ ਖੁਲਾਸਾ ਕੀਤਾ ਹੈ ਕਿ ਲਗਾਤਾਰ ਦੂਜੇ ਸਾਲ ਨਿਊਜ਼ੀਲੈਂਡ ਦੀ ਸੀਟਿਜਨਸ਼ਿਪ ਹਾਸਿਲ ਕਰਨ ਵਾਲਿਆਂ ਵਿੱਚ ਭਾਰਤੀ ਮੂਲ ਦੇ ਲੋਕ ਸਭ ਤੋਂ ਮੋਹਰੀ ਰਹੇ ਹਨ। ਜੇਕਰ ਅੰਕੜਿਆਂ ‘ਤੇ ਝਾਤ ਮਾਰੀਏ ਤਾਂ ਇਸ ਦੌਰਾਨ ਕੁੱਲ 32,199 ਲੋਕਾਂ ਸੀਟਿਜਨਸ਼ਿਪ ਮਿਲੀ ਹੈ ਜਿਨ੍ਹਾਂ ਵਿੱਚੋਂ 5982 ਲੋਕ ਭਾਰਤੀ ਮੂਲ ਦੇ ਹਨ ਅਤੇ ਇਹ ਅੰਕੜਾ ਤਕਰੀਬਨ 18% ਹੈ। ਉੱਥੇ ਹੀ ਇੰਗਲੈਂਡ ਤੇ ਫਿਲੀਪੀਨਜ਼ ਕ੍ਰਮਵਾਰ ਦੂਜੇ ਅਤੇ ਤੀਜੇ ਨੰਬਰ ‘ਤੇ ਹਨ।







# ਨਿਊਜੀਲੈਂਡ ਦੀ ਮੀਆ ਮੋਟੂ ਨੇ ਜਿੱਤਿਆ ਵਰਲਡ ਟਾਈਟਲ ਬੋਕਸਿੰਗ ਕੰਪੀਟਿਸ਼ਨ




ਆਕਲੈਂਡ - 17 ਸਾਲ ਦੀ ਉਮਰ ਵਿੱਚ ਚਾਂਦਨੀ ਮਹਿਰਾ ਨੇ ਕਈ ਵਾਰ ਵਰਲਡ ਚੈਂਪੀਅਨ ਰਹਿ ਚੁੱਕੀ ਮੈਰੀ ਕੋਮ ਨੂੰ ਆਪਣਾ ਰੋਲ ਮੋਡਲ ਬਣਾਇਆ ਸੀ ਤੇ ਹੁਣ 5 ਸਾਲ ਬਾਅਦ ਉਸ ਮੁਕਾਮ ਨੂੰ ਹਾਸਿਲ ਕਰਨ ਦੇ ਬਹੁਤ ਨਜਦੀਕ ਹੈ। ਨਿਊਜੀਲੈਂਡ ਦੀ ਮੀਆ ਮੋਟੂ ਨਾਲ ਫੈਂਗਰਾਏ ਵਿੱਚ ਮੁਕਾਬਲਾ ਕਰੇਗੀ ਅਤੇ ਅਜਿਹਾ ਕਰਨ ਵਾਲੀ ਉਹ ਪਹਿਲੀ ਭਾਰਤੀ ਮੂਲ ਦੀ ਮੁਟਿਆਰ ਬਨਣ ਜਾ ਰਹੀ ਹੈ।

33 ਸਾਲਾ ਮੀਆ ਮੋਟੂ ਹੁਣ ਤੱਕ ਅਜੈਤੂ ਰਹੀ ਹੈ ਅਤੇ 17-0 ਦੇ ਸ਼ਾਨਦਾਰ ਰਿਕਾਰਡ ਨਾਲ ਆਪਣੇ ਇਸ ਟਾਈਟਲ ਨੂੰ ਸਾਬਿਤ ਕਰ ਚੁੱਕੀ ਹੈ। ਫੈਂਗਰਾਏ ਵਿੱਚ ਹੋਏ ਬਾਕਸਿੰਗ ਦੇ ਵਰਲਡ ਬੈਂਟਮਵੇਟ ਵਰਲਡ ਟਾਈਟਲ ਵਿੱਚ ਨਿਊਜੀਲੈਂਡ ਦੀ ਮੀਆ ਮੋਟੂ ਨੇ ਆਪਣਾ ਵਰਲਡ ਟਾਈਟਲ ਡਿਫੈਂਡ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ, ਮੀਆ ਦਾ ਫਾਈਨਲ ਮੁਕਾਬਲਾ ਭਾਰਤ ਦੀ ਚਾਂਦਨੀ ਮਹਿਰਾ ਨਾਲ ਸੀ। ਫੈਂਗਰਾਏ ਵਿੱਚ ਹੋਏ ਫਾਈਨਲ ਮੁਕਾਬਲੇ ਵਿੱਚ ਚਾਂਦਨੀ ਮਹਿਰਾ ਵਲੋਂ ਮੀਆ ਮੋਟੂ ਨੂੰ ਕਾਫੀ ਕਰੜੀ ਟੱਕਰ ਦਿੱਤੀ ਗਈ ਸੀ। ਮੀਆ ਨੇ ਇਸ ਕੰਪੀਟਿਸ਼ਨ ਦੌਰਾਨ ਲੋਕਲ ਭਾਈਚਾਰੇ ਵਲੋਂ ਮਿਲੀ ਸੁਪੋਰਟ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ ਹੈ। ਦੂਜੇ ਪਾਸੇ ਚਾਂਦਨੀ ਮਹਿਰਾ ਨੇ ਵੀ ਇਸ ਪ੍ਰਤੀਯੋਗਿਤਾ ਦੌਰਾਨ ਆਪਣੀ ਕਾਰਜਗੁਜਾਰੀ ਤੋਂ ਕਾਫੀ ਸੰਤੁਸ਼ਟੀ ਪ੍ਰਗਟਾਈ ਹੈ ਅਤੇ ਅਗਲੀ ਵਾਰ ਇਸ ਪ੍ਰਤੀਯੋਗਿਤਾ ਲਈ ਹੋਰ ਵੀ ਸਖਤ ਤਿਆਰੀ ਕਰਨ ਦੀ ਗੱਲ ਆਖੀ ਹੈ।

Mehak E wattan

Monthly Newspaper

•Issue-7 • December 2023
•mehakewattan@gmail.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**

Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

**ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

-------------------------

**(ਪਿਛਲੇ ਅੰਕ ਤੋਂ ਅੱਗੇ)**

**ਅਹਿਦਨਾਮੇ ਦਾ ਭਾਵ**

ਚੂੰਕਿ ਕੁਝ ਸੰਮਤੀ ਭੇਦ ਸਰਕਾਰ ਅੰਗਰੇਜੀ ਤੇ ਮਹਾਰਾਜਾ ਰਣਜੀਤ ਸਿੰਘ ਬਹਾਦਰ ਵਾਲੀਏ ਲਾਹੌਰ (ਪੰਜਾਬ) ਵਿੱਚ ਪੈਦਾ ਹੋ ਗਿਆ ਹੈ, ਉਸ ਮਾਮਲੇ ਦਾ ਹੁਣ ਖ਼ੁਸੀ ਅਤੇ ਰਜ਼ਾਮੰਦੀ ਨਾਲ ਫ਼ੈਸਲਾ ਹੋ ਗਿਆ ਹੈ ਤੇ ਦੋਹਾਂ ਧਿਰਾਂ ਦੀ ਇੱਛਾ ਹੈ ਕਿ ਇਨ੍ਹਾਂ ਦੀ ਮਿੱਤਰਤਾ ਤੇ ਮਿਲਾਪ ਦਾ ਸੰਬੰਧ ਬਣਿਆ ਰਹੇ, ਇਸ ਲਈ ਹੇਠ ਲਿਖੀਆਂ ਸ਼ਰਤਾਂ ਦਾ ਅਹਿਦਨਾਮਾ ਪਰਵਾਨ ਕੀਤਾ ਜਾਂਦਾ ਹੈ, ਜਿਸ ਦੀ ਅਨੁਸਾਰਤਾ ਦੋਹਾਂ ਪਾਤਸ਼ਾਹੀਆਂ ਦੇ ਵਾਰਸ਼ਾਂ ਤੇ ਜਾਨਸ਼ੀਨਾਂ ਲਈ ਜਰੂਰੀ ਹੋਵੇਗੀ। ਇਹ ਅਹਿਦਨਾਮਾ ਮਹਾਰਾਜਾ ਰਣਜੀਤ ਸਿੰਘ ਬਹਾਦਰ ਫ਼ਰੀਕ ਪਹਿਲੇ ਦੀ ਆਪਣੀ ਹਾਜ਼ਰੀ ਵਿੱਚ ਤੇ ਅੰਗਰੇਜ਼ੀ ਗਵਰਨਮੈਂਟ ਵੱਲੋਂ ਏਜੰਟ ਚਾਰਲਸ ਮਿਟਕਾਫ਼ ਦੀ ਰਾਹੀ ਜੋ ਫ਼ਰੀਕ ਦੂਜਾ ਹੈ, ਲਿਖਤ ਹੋਇਆ:-



1. ਸਰਕਾਰ ਅੰਗਰੇਜੀ ਤੇ ਰਿਆਸਤ ਲਾਹੌਰ (ਪੰਜਾਬ) ਵਿੱਚ ਸਦਾ ਲਈ ਮਿੱਤ੍ਰਤਾ ਰਹੇਗੀ, ਦੂਜੀ ਧਿਰ (ਸਰਕਾਰ ਅੰਗਰੇਜ਼ੀ) ਪਹਿਲੀ ਧਿਰ ਮਹਾਰਾਜਾ ਸਾਹਿਬ ਬਹਾਦਰ ਨੂੰ ਬਹੁਤ ਸਨਮਾਨ ਦੀ ਨਜ਼ਰ ਨਾਲ ਦੇਖੇਗੀ ਅਤੇ ਉਹਨੂੰ ਵੱਡੀਆਂ ਪਤਵੰਤੀਆਂ ਤਾਕਤਾਂ ਵਿੱਚੋਂ ਸਮਝੇਗੀ ਤੇ ਅੰਗਰੇਜੀ ਗਵਰਨਮਿੰਟ ਨੂੰ ਮਹਾਰਾਜਾ ਸਾਹਿਬ ਬਹਾਦਰ ਦੇ ਇਲਾਕੇ ਤੋਂ ਪਰਜਾ ਨਾਲ ਜੋ ਦਰਿਆ ਸਤੁਲਜ ਦੇ ਉੱਤਰ ਵਲ ਹੈ, ਕੋਈ ਵਾਸਤਾ ਨਹੀਂ ਹੋਵੇਗਾ[1]।

2. ਮਹਾਰਾਜਾ ਸਾਹਿਬ ਬਹਾਦਰ ਦੇ ਕਬਜ਼ੇ ਵਿਚ ਆਇਆ ਹੋਇਆ ਇਲਾਕਾ ਯਾ ਉਸ ਦੇ ਸਮੀਪੀ ਇਲਾਕਿਆਂ ਵਿੱਚ, ਜੋ ਦਰਿਆ ਸਤੁਲਜ ਦੇ ਖੱਬੇ ਪਾਸੇ ਹਨ, ਉਸ ਤੋਂ ਵੱਧ ਫ਼ੌਜ ਨਹੀਂ ਰੱਖੇਗਾ, ਜੋ ਉਸ ਦੇ ਅੰਦਰਲੇ ਪ੍ਰਬੰਧ ਲਈ ਜ਼ਰੂਰੀ ਹੈ ਅਤੇ ਨਾ ਹੀ ਗੁਆਂਢੀ ਰਈਸਾਂ ਤੇ ਉਨ੍ਹਾਂ ਦੇ ਇਲਾਕਿਆਂ ਪਰ ਕੋਈ ਵਾਸਤਾ ਨਹੀਂ ਰੱਖੇਗਾ।

3. ਉਪਰੋਕਤ ਸ਼ਰਤਾਂ ਵਿਚੋਂ ਕਿਸੇ ਇੱਕ ਦੇ ਤੋੜਨੇ ਜਾਂ ਦੋਹਾਂ ਤਾਕਤਾਂ ਵਿੱਚੋਂ ਇੱਕ ਦੂਜੇ ਨਾਲ ਮਿੱਤ੍ਰਤਾਂ ਦੇ ਵਰਤਾਵੇ ਵਿੱਚ ਪੂਰਾ ਨਾਂ ਉੱਤਰਨੇ ਦੀ ਸੂਰਤ ਵਿੱਚ ਅਹਿਦਨਾਮਾ ਟੁੱਟਾ ਸਮਝਿਆ ਜਾਵੇਗਾ।

4. ਇਹ ਅਹਿਦਨਾਮਾ ਜਿਸ ਵਿੱਚ ਦੋਹਾਂ ਧਿਰਾਂ ਦੀਆ ਸ਼ਰਤਾਂ ਲਿਖੀਆਂ ਹੋਈਆਂ ਹਨ, ਅੰਮ੍ਰਿਤਸਰ ਵਿੱਚ 25 ਅਪ੍ਰੈਲ ਸੰਨ 1809 ਈਸਵੀ ਨੂੰ ਫ਼ੈਸਲਾ ਹੋ ਕੇ ਸੰਪੂਰਣ ਹੋਇਆ।

ਮਿਸਟਰ ਚਾਰਲਸ ਮਿਟਕਾਫ਼ ਨੇ ਆਪਣੀ ਦਸਖ਼ਤੀ ਮੋਹਰ ਲਾ ਕੇ ਇਸ ਦਾ ਇਹ ਉਤਾਰਾ ਅੰਗਰੇਜੀ ਤੇ ਫ਼ਾਰਸੀ ਅੱਖਰਾਂ ਵਿੱਚ ਰਾਜਾ ਲਾਹੌਰ ਨੂੰ ਦੇ ਦਿੱਤਾ ਹੈ ਅਤੇ ਰਾਜਾ ਨੇ ਉਸ ਦੇ ਦੂਜੇ ਉਤਾਰੇ ਪਰ ਆਪਣੇ ਦਸਖ਼ਤ ਤੇ ਮੋਹਰ ਲਾ ਕੇ (ਮਿਸਟਰ ਮਿਟਕਾਫ਼) ਨੂੰ ਦੇ ਦਿੱਤਾ ਹੈ। ਮਿਸਟਰ ਮਿਟਕਾਫ਼ ਇਕਰਾਰ ਕਰਦਾ ਹੈ ਕਿ ਉਹ ਦੋ ਮਹੀਨਿਆਂ ਦੇ ਅੰਦਰ ਉਸ ਦੀ ਪ੍ਰਵਾਨਗੀ ਰਾਈਟ ਆਨਰੇਬਲ ਗਵਰਨਰ ਜਨਰਲ ਇਨ-ਕੌਂਸਲ ਤੋਂ ਮੰਗਾ ਦੇਵੇਗਾ ਅਤੇ ਉਸਦੇ ਮਹਾਰਾਜਾ ਸਾਹਿਬ ਬਹਾਦਰ ਪਾਸ ਪਹੁੰਚਣੇ ਬਾਅਦ ਇਹ ਅਹਿਦਨਾਮਾ ਪੱਕਾ ਸਮਝਿਆ ਜਾਵੇਗਾ ਤੇ ਦੋਹਾਂ ਧਿਰਾਂ ਪਰ ਇਸ ਦੀ ਅਨੁਸਾਰਤਾ ਜ਼ਰੂਰੀ ਹੋਵੇਗੀ। ਅਹਿਦਨਾਮੇ ਦਾ ਇਹ ਉਤਾਰਾ ਜੋ ਇਸ ਸਮੇਂ ਮਹਾਰਾਜਾ ਸਾਹਿਬ ਬਹਾਦਰ ਨੂੰ ਦਿੱਤਾ ਜਾਂਦਾ ਹੈ, ਮੋੜ ਲਿਆ ਜਾਵੇਗਾ।

| | |
|---|---|
| **ਮੋਹਰ ਤੇ ਦਸਖ਼ਤ** | **ਮੋਹਰ ਤੇ ਦਸਖ਼ਤ ਮਹਾਰਾਜਾ** |
| **ਸੀ.ਟੀ.ਮਿਟਕਾਫ਼** | **ਰਣਜੀਤ ਸਿੰਘ ਬਹਾਦਰ** |

ਇਹ ਅਹਿਦਨਾਮਾ 30 ਮਈ ਸੰਨ 1809 ਈਸਵੀ ਨੂੰ ਪਰਵਾਨ ਹੋ ਕੇ ਆਇਆ ਜੋ ਮਹਾਰਾਜਾ ਨੂੰ ਦੇ ਦਿੱਤਾ ਗਿਆ, ਜਿਸ ਦਾ ਫੋਟੋ ਇੱਥੇ ਦਿੱਤਾ ਜਾਂਦਾ ਹੈ।

**ਮਹਾਰਾਜਾ ਰਣਜੀਤ ਸਿੰਘ ਜੀ ਅਤੇ ਅੰਗਰੇਜ਼ਾਂ ਦਾ ਪਹਿਲਾ ਅਹਿਦਨਾਮਾ**

ਮਹਾਰਾਜਾ ਰਣਜੀਤ ਸਿੰਘ ਜੀ ਤੇ ਅੰਗਰੇਜ਼ਾਂ ਦਾ ਪਹਿਲਾ ਅਹਿਦਨਾਮਾ ਜੋ 25 ਅਪ੍ਰੈਲ ਸੰਨ 1809 ਈ: ਨੂੰ ਹੋਇਆ।

"ਗਵਰਨਰ ਜਨਰਲ ਨੇ ਸਣੇ ਕੌਂਸਲ ਦੇ 30 ਮਈ ਸੰਨ 1809 ਈ: ਨੂੰ ਪ੍ਰਵਾਨ ਕੀਤਾ।

"ਅਗਲੇ ਦਿਨ ਮਿਸਟਰ ਮਿਟਕਾਫ਼ ਜੋ ਬੜੀ ਮਿਲਣਸਾਰ ਤਬੀਅਤ ਦਾ ਆਦਮੀ ਸੀ, ਮਹਾਰਾਜਾ ਸਾਹਿਬ ਨਾਲ ਅਕਾਲੀਆਂ ਦੀ ਛਾਵਣੀ ਵਿੱਚ ਆਇਆ ਤੇ ਅਕਾਲੀ ਫੂਲਾ ਸਿੰਘ ਨਾਲ ਬਹੁਤ ਚਿਰ ਤੱਕ ਗੱਲ ਬਾਤ ਕਰਦਾ ਰਿਹਾ, ਜਿਸ ਵਿੱਚ ਉਸ ਨੇ ਅਕਾਲੀਆਂ ਦੀ ਨਿਰਭੈਤਾ ਦੀ ਸ਼ਲਾਘਾ ਕੀਤੀ। ਜਾਂਦੀ ਵਾਰੀ ਕੁੱਝ ਮੋਹਰਾਂ ਅਕਾਲੀ ਜੀ ਦੀ ਭੇਟਾ ਕਰਨ ਲੱਗਾ, ਜਿਸ ਦੇ ਲੈਣੇ ਤੋਂ ਅਕਾਲੀ ਜੀ ਨੇ ਇਨਕਾਰ ਕੀਤਾ। ਛੇਕੜ ਮਹਾਰਾਜਾ ਸਾਹਿਬ ਦੇ ਕਹਿਣੇ ਪਰ ਜੱਥੇ ਦੇ ਲੰਗਰ ਕੁੱਝ ਰਸਦ ਪ੍ਰਵਾਨ ਕੀਤੀ ਗਈ, ਜਿਸ ਪਰ ਅੰਗਰੇਜੀ ਵਕੀਲ ਬਹੁਤ ਖ਼ੁਸ ਹੋਇਆ।

**ਦਮਦਮੇ ਸਾਹਿਬ ਵਲ ਜਾਣਾ**

ਸੰਮਤ 1866 ਬਿ: (1809ਈ:) ਦੀਆਂ ਸਰਦੀਆਂ ਦੇ ਆਰੰਭ ਵਿੱਚ ਹੀ ਅਕਾਲੀ ਫੂਲਾ ਸਿੰਘ ਸਣੇ ਕੁੱਝਕੁ ਅਕਾਲੀ ਸਿੰਘਾਂ ਦੇ ਸ੍ਰੀ ਦਮਦਮੇ ਸਾਹਿਬ ਦੇ ਗੁਰਦੁਆਰੇ ਦੇ ਪ੍ਰਬੰਧ ਲਈ ਦਮਦਮੇ ਸਾਹਿਬ ਜਾ ਰਿਹਾ। ਇੱਥੇ ਪਹੁੰਚਿਆਂ ਕੋਈ ਦੋ ਕੁ ਮਹੀਨੇ ਬੀਤੇ ਸਨ ਕਿ ਸਾਰੇ ਇਲਾਕੇ ਵਿੱਚ ਇੱਕ ਆਮ ਅਫ਼ਵਾਹ ਮੂੰਹੋਂ ਮੂੰਹ ਹੀ ਪਸਰ ਗਈ ਕਿ ਫ਼ਰੰਗੀ ਪੰਜਾਬ ਦੇ ਨਕਸ਼ੇ ਤਿਆਰ ਕਰ ਰਹੇ ਹਨ ਤੇ ਥੋੜ੍ਹੇ ਦਿਨ੍ਹਾਂ ਵਿੱਚ ਹੀ ਸਾਰੇ ਦੇਸ਼ ਪਰ ਆਪਣਾ ਕਬਜ਼ਾ ਜਮਾ ਲੈਣਗੇ[2]।

ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਨਾਲ ਕਪਤਾਨ ਵਾਈਟ, ਬੰਨਾ (ਹੱਦ ਬੰਦੀ) ਠਹਿਰਾਣ ਲਈ ਕਛਾਈ ਕਰ ਰਿਹਾ ਸੀ। ਲੋਕਾਂ ਨੇ ਇਸਨੂੰ ਕੁੱਝ ਦਾ ਕੁੱਝ ਸਮਝਕੇ ਹਨੇਰ ਦੀਆਂ ਬਦਗੁਮਾਨੀਆਂ ਫੈਲਾ ਦਿੱਤੀਆਂ। ਅਕਾਲੀ ਜੱਥੇ ਨੂੰ ਜਦ ਇਹ ਖ਼ਬਰਾਂ ਪਹੁੰਚੀਆਂ ਤਾਂ ਇਨ੍ਹਾਂ ਦੇ ਦੇਸ਼-ਪਿਆਰ ਦੇ ਜੋਸ਼ ਨੇ ਇਲਾਕੇ ਦੇ ਲੋਕਾਂ ਨੇ ਇਨ੍ਹਾਂ ਦੇ ਇਸ ਵਹਿਮ ਨੂੰ ਹੋਰ ਵੀ ਪੱਕਾ ਕਰ ਦਿੱਤਾ। ਇੱਥੋਂ ਤਾਈਂ

1. ਉਸ ਸਮੇਂ ਇਸ ਸਮਝੌਤੇ ਤੋਂ ਪਹਿਲਾਂ ਅਗਰ ਫੂਲਕੀਆਂ ਮਿਸਲਾਂ ਰਣਜੀਤ ਸਿੰਘ ਕਬਜੇ ਵਿੱਚ ਆ ਜਾਂਦੀਆਂ ਤਾਂ ਪੰਜਾਬ ਅਤੇ ਭਾਰਤ ਦਾ ਇਤਿਹਾਸ ਹੀ ਹੋਰ ਹੋਣਾ ਸੀ।(ਸੰਪਾਦਕ)

2. ਉਸ ਸਮੇ ਇਸ ਤਰ੍ਹਾਂ ਦੀਆਂ ਬੇਬੁਨਯਾਦ ਅਫ਼ਵਾਹਾ ਬਹੁਤ ਸੌਖੀ ਤਰ੍ਹਾਂ ਫੈਲਾਈਆਂ ਜਾਂਦੀਆਂ ਸਨ, ਜਿਨ੍ਹਾਂ ਦਾ ਸਿੱਟਾ ਰਾਜਾ ਤੇ ਪਰਜਾ ਦੋਹਾਂ ਲਈ ਬਹੁਤ ਬੁਰਾ ਨਿਕਲਿਆ ਕਰਦਾ ਸੀ। ਇਸ ਤੋਂ ਦੋ ਸਾਲ ਪਹਿਲੇ ਜਦ ਪਟਿਆਲੇ ਦੀ ਹੱਦਬੰਦੀ ਲਈ ਅੰਗਰੇਜ਼ ਆਇਆ ਸੀ ਤਦ ਵੀ ਇਸੇ ਤਰ੍ਹਾਂ ਰੌਲਾ ਹੋਇਆ ਜਿਸ ਕਰਕੇ ਇਹ ਕੰਮ ਬੰਦ ਕਰਨਾ ਪਿਆ। ਇਸਦੇ ਪਿੱਛੋ ਸੰਨ 1839 ਈਸਵੀ ਵਿਚ ਹੀ ਡੋਗਰਿਆਂ ਨੇ ਇਹ ਹੱਥ ਕੀਤਾ ਸੀ, ਜਿਸ ਦਾ ਫਲ ਸਦੀਆਂ ਤੱਕ ਨਹੀਂ ਭੁੱਲੇਗਾ।

ਇਨ੍ਹਾਂ ਨੂੰ ਦੱਸਿਆ ਗਿਆ ਕਿ ਪਿੰਡ ਚਾਉਕੇ ਦੇ ਲਾਗੇ ਹੀ ਅੰਗਰੇਜਾਂ ਆਪਣੇ ਤੰਬੂ ਡੇਰੇ ਲਾ ਲਏ ਹਨ ਤੇ ਚੜ੍ਹਾਈ ਲਈ ਰਸਤੇ ਆਦਿ ਦੀ ਦੇਖਭਾਲ ਕਰ ਰਹੇ ਹਨ।

ਇਸ ਗੱਲ ਦੇ ਸੁਣਦੇ ਹੀ ਅਕਾਲੀ ਫੂਲਾ ਸਿੰਘ ਨੇ ਸਣੇ ਆਪਣੇ ਜੱਥੇ ਦੇ, ਮੌਕੇ ਪਰ ਪਹੁੰਚਕੇ ਇਸ ਅਫ਼ਵਾਹ ਦੀ ਅਸਲੀਅਤ ਕੱਢਣ ਲਈ ਕੂਚ ਕਰ ਦਿੱਤਾ। ਅਕਾਲੀ ਜੀ ਦਾ ਜੱਥਾ ਜਦ ਇੱਧਰ ਨੂੰ ਤੁਰਿਆ ਤਾਂ ਇਲਾਕੇ ਤੇ ਲੋਕ ਵਹੀਰਾਂ ਘੱਤਕੇ ਇਨ੍ਹਾਂ ਦੇ ਨਾਲ-ਨਾਲ ਹੋ ਤੁਰੇ। ਇਸ ਤਰ੍ਹਾਂ ਇਸ ਜੱਥੇ ਦੀ ਢੂੰਮ-ਢਾਮ ਦਿਨਾਂ ਵਿੱਚ ਹੀ ਹਜ਼ਾਰ ਤੋਂ ਟੱਪ ਨਿਕਲੀ। ਇਹ ਲੋਕ ਅਜੇ ਚਾਊਂਕੇ ਤੋਂ ਦੂਰ ਹੀ ਸਨ ਕਿ ਕਪਤਾਨ ਵਾਈਟ ਦੇ ਡੇਰੇ ਦੇ ਤੰਬੂ ਆਦਿ ਇਨ੍ਹਾਂ ਦੀ ਨਜ਼ਰੀ ਪਏ। ਬਸ, ਫਿਰ ਇਨ੍ਹਾਂ ਬਿਨ੍ਹਾਂ ਕਿਸੇ ਲੰਮੀ ਪੁੱਛ ਗਿੱਛ ਦੇ ਕੈਂਪ 'ਤੇ ਹੱਲਾ ਕਰ ਦਿੱਤਾ। ਇਸ ਸਮੇਂ ਕਪਤਾਨ ਵਾਈਟ ਦੇ ਨਾਲ ਲਗਪਗ ਇੱਕ ਸੌ ਪੈਦਲ ਸਿਪਾਹੀ ਰਾਖੀ ਲਈ ਸਨ। ਜਦ ਉਹਨਾਂ ਨੇ ਲੋਕਾਂ ਨੂੰ ਕੈਂਪ ਪਰ ਇਸ ਤਰ੍ਹਾਂ ਟੁੱਟਦਾ ਡਿੱਠਾ ਤਾਂ ਅੱਗੋ ਉਹ ਵੀ ਹਥਿਆਰ ਫੜਕੇ ਬੜੀ ਬੀਰਤਾ ਨਾਲ ਆਪਣਾ ਬਚਾਉ ਕਰਨ ਲਈ ਤਿਆਰ ਹੋ ਖਲੋਤੇ ਤੇ ਚੰਗੀ ਤਰ੍ਹਾਂ ਜੰਮ ਕੇ ਹੱਲੇ ਨੂੰ ਰੋਕਿਆ, ਪਰ ਬਹੁਤਿਆਂ ਤੇ ਥੋੜ੍ਹਿਆਂ ਦੀ ਕਦ ਨਿਭ ਸਕਦੀ ਸੀ, ਛੇਕੜ ਕਪਤਾਨ ਨੂੰ ਸਣੇ ਆਪਣੇ ਦਸਤੇ ਦੇ ਕੈਂਪ ਛੋੜ ਕੇ ਪਿੱਛੇ ਹਟਣਾ ਪਿਆ ਤੇ ਇੱਕ ਨਾਲ ਦੇ ਪਿੰਡ ਫਤੋਹ ਕੇ (ਇਲਾਕਾ ਨਾਭਾ) ਵਿੱਚ ਜਾ ਪਨਾਹ ਲਈ। ਇਨ੍ਹਾਂ ਦੇ ਪਿੱਛੇ ਹੱਟਦੇ ਹੀ ਹੱਲੇ ਵਾਲਿਆਂ ਨੇ ਕੈਂਪ ਦੇ ਤੰਬੂ, ਨਕਸ਼ੇ ਪਤ੍ਰ ਤੇ ਹੋਰ ਰਸਦ ਆਦਿ ਸਾਰਾ ਸਮਾਨ ਲੁੱਟ ਲਿਆ[3] ਤੇ ਪਿੰਡ ਘੇਰੇ ਵਿੱਚ ਰੱਖਕੇ ਉੱਥੇ ਭੀ ਇਨ੍ਹਾਂ ਦਾ ਪਿੱਛਾ ਕੀਤਾ।

ਠੀਕ ਓਸੇ ਸਮੇਂ ਜਦ ਇਹ ਭੀੜ ਭੜੱਕਾ ਅੰਗਰੇਜੀ ਕੈਂਪ ਵੱਲ ਆ ਰਿਹਾ ਸੀ ਤਾਂ ਇਸਦੀ ਖ਼ਬਰ ਰਾਜਾ ਜਸਵੰਤ ਸਿੰਘ ਵਾਲੀਏ ਨਾਭਾ ਨੂੰ ਪਹੁੰਚੀ। ਰਾਜਾ ਸਾਹਿਬ ਨੇ ਉਸੀ ਵਕਤ ਆਪਣੇ ਭਤੀਜੇ ਕੌਰ ਰਣ ਸਿੰਘ ਨੂੰ ਅੰਗਰੇਜ਼ੀ ਦਸਤੇ ਦੀ ਰਾਖੀ ਲਈ ਤੋਰ ਦਿੱਤਾ। ਇਹ ਲੋਕ ਫਤੋਹਕੇ ਪਰ ਧਾਵਾ ਕਰਨ ਵਾਲੇ ਹੀ ਸਨ ਕਿ ਉੱਪਰੋਂ ਕੌਰ ਰਣ ਸਿੰਘ ਪਹੁੰਚ ਗਿਆ ਤੇ ਉਸਨੇ ਕਪਤਾਨ ਵਾਈਟ ਦੇ ਆਵਣੇ ਦਾ ਸਾਰਾ ਸਮਾਚਾਰ ਬਾਬਾ ਫੂਲਾ ਸਿੰਘ ਨੂੰ ਸੁਣਾਇਆ, ਤਾਂ ਮਸਾਂ ਕਿਤੇ ਇਹ ਪਿੱਛੇ ਹਟੇ। ਇਸ ਰੌਲੇ ਵਿਚ ਕਪਤਾਨ ਵਾਈਟ ਦੇ 6 ਸਿਪਾਹੀ ਕਤਲ ਤੇ 19 ਫੱਟੜ ਹੋਏ ਸੀ।[4] ਅਕਾਲੀ ਫੂਲਾ ਸਿੰਘ ਇੱਥੋਂ ਪਰਤਕੇ ਮੁੜ ਦਮਦਮੇ ਸਾਹਿਬ ਆ ਗਿਆ।

ਸਰਕਾਰ ਅੰਗਰੇਜ਼ੀ ਨੂੰ ਜਦ ਇਸ ਰੌਲੇ ਦੀ ਖ਼ਬਰ ਹੋਈ ਤਾਂ ਬੜਾ ਯਤਨ ਕੀਤਾ ਗਿਆ ਕਿ ਇਸ ਰੌਲੇ ਦੇ ਆਗੂ ਨੂੰ ਕਿਸੇ ਤਰ੍ਹਾਂ ਸਰਕਾਰ ਦੇ ਹਵਾਲੇ ਕੀਤਾ ਜਾਵੇ, ਪਰ ਅਕਾਲੀ ਫੂਲਾ ਸਿੰਘ ਦੇ ਤੇਜ ਤੇ ਉੱਚ ਆਚਰਨ ਦੇ ਸਾਮ੍ਹਣੇ ਕਿਸੇ ਨੂੰ ਹੀਆ ਨਹੀਂ ਸੀ ਪੈਂਦਾ ਕਿ ਕੋਈ ਉਸਨੂੰ ਹੱਥ ਪਾ ਸਕੇ, ਜਿਸ ਕਰਕੇ ਇਸ ਵਿੱਚ ਅੰਗਰੇਜ਼ਾਂ ਨੂੰ ਸਫਲਤਾ ਨਾ ਹੋਈ।[5]

ਇਸਦੇ ਕੁੱਝ ਦਿਨਾਂ ਬਾਅਦ ਇਸ ਗੁਰਦੁਆਰੇ ਦੇ ਪ੍ਰਬੰਧ ਤੋਂ ਵਿਹਲੇ ਹੋਕੇ ਅਕਾਲੀ ਜੀ ਸਣੇ ਆਪਣੇ ਜੱਥੇ ਦੇ ਇਲਾਕੇ ਨੂੰ ਸੋਧਦੇ ਹੋਏ ਸ੍ਰੀ ਅੰਮ੍ਰਿਤਸਰ ਜੀ ਵੱਲ ਮੁੜ ਪਏ।

ਚੂੰਕਿ ਦਮਦਮੇ ਸਾਹਿਬ ਅਕਾਲੀਆਂ ਦਾ ਜੱਥਾ ਬਹੁਤ ਵਧ ਗਿਆ ਸੀ ਤੇ ਇਸ ਨਵੇਂ ਦਲ ਲਈ ਸ਼ਸਤ੍ਰ ਤੇ ਘੋੜਿਆਂ ਦੀ ਲੋੜ ਸੀ, ਇਸ ਲਈ ਰਸਤੇ ਵਿੱਚ ਜਿੱਥੇ ਕੋਈ ਧਨਾਢ ਪਿੰਡ ਆਉਂਦਾ, ਅਕਾਲੀ ਉਸਦੇ ਚੌਧਰੀਆ ਤੇ ਪੈਂਚਾਂ ਨੂੰ ਸੱਦ ਮੰਗਵਾਂਦੇ ਤੇ ਜੱਥੇ ਦੀ ਲੋੜ ਉਨ੍ਹਾਂ ਨੂੰ ਦੱਸਦੇ! ਜੋ ਇਸ ਹੁਕਮ ਨੂੰ ਮੰਨ ਕੇ ਸ਼ਸਤ੍ਰ ਆਦਿ ਆ ਪੇਸ਼ ਕਰਦਾ ਉਹ ਤਾਂ ਬਚਿਆ ਰਹਿੰਦਾ, ਪਰ ਜੋ ਕੋਈ ਚਧਰੈਤ ਦੇ ਘੁਮੰਡ ਵਿਚ ਆ ਕੇ ਇਸ ਮੰਗ ਦੇ ਪੂਰਾ ਕਰਨੇ ਵਿੱਚ ਨਾਂਹ ਨੁੱਕਰ ਕਰਦਾ ਤਾਂ ਉਸ ਦੇ ਪਿੰਡ ਵਿਚ ਜਾ ਕੇ ਆਪਣੀ ਲੋੜ ਅਨੁਸਾਰ ਸ਼ਸਤ੍ਰ ਆਪ ਲੈ ਕੇ ਜੱਥੇ ਵਿਚ ਵਰਤਾ ਦਿੰਦੇ।

ਇੱਕ ਤਾਂ ਕਪਤਾਨ ਵਾਈਟ 'ਤੇ ਹੱਲਾ ਕਰਨ ਦੇ ਕਾਰਨ ਤੇ ਦੂਜਾ ਇਸ ਤਰ੍ਹਾਂ ਸਰਕਾਰ ਦੇ ਸਰਹੱਦੀ ਇਲਾਕੇ ਵਿੱਚ ਦਿਨ ਦੀਵੀਂ ਆਪਣੀਆਂ ਲੋੜਾਂ ਪੂਰੀਆਂ ਕਰਨ ਦੀਆਂ ਖ਼ਬਰਾਂ ਸੁਣਕੇ ਰੈਜ਼ੀਡੈਂਟ ਦੇਹਲੀ ਨੇ ਮਹਾਰਾਜਾ ਰਣਜੀਤ ਸਿੰਘ ਪਰ ਬੜਾ ਜ਼ੋਰ ਪਾਇਆ ਕਿ ਜਿਸ ਤਰ੍ਹਾਂ ਹੋ ਸਕੇ ਅਕਾਲੀ ਫੂਲਾ ਸਿੰਘ ਉਸ ਦੇ ਹਵਾਲੇ ਕੀਤਾ ਜਾਵੇ, ਪਰ ਮਹਾਰਾਜਾ ਅਕਾਲੀ ਫੂਲਾ ਸਿੰਘ ਦੇ ਪੰਥ ਵਿੱਚ ਰਸੂਖ ਤੇ ਰੋਅਬ ਦਾ ਚੰਗਾ ਜਾਣੂੰ ਸੀ, ਜਿਸ ਕਰਕੇ ਟਾਲਮ ਟੋਲਾ ਹੀ ਕਰਦਾ ਰਿਹਾ। ਕੁੱਝ ਦਿਨਾਂ ਮਹਾਰਾਜਾ ਸਾਹਿਬ ਨੇ ਅਕਾਲੀ ਜੀ ਨੂੰ ਅਖ਼ਵਾ ਭੇਜਿਆ ਕਿ ਆਪ ਨੂੰ ਜੱਥੇ ਲਈ ਜਿਸ ਚੀਜ਼ ਦੀ ਲੋੜ ਪਏ ਓਹ ਮੇਰੇ ਤੋਂ ਪੂਰੀ ਕਰ ਲਿਆ ਕਰੋ ਤੇ ਇਲਾਕੇ ਵਿੱਚੋਂ ਲੈਣਾ ਛੱਡ ਦੇਵੋ। ਇਸ ਤਰ੍ਹਾਂ ਅਕਾਲੀ ਜੀ ਸ੍ਰੀ ਅੰਮ੍ਰਿਤਸਰ ਜੀ ਆ ਗਏ ਤੇ ਜੱਥੇ ਦੀਆਂ ਲੋੜਾਂ ਮਹਾਰਾਜੇ ਦੀ ਜਾਗੀਰ ਤੋਂ ਪੂਰੀਆਂ ਕਰਦੇ ਰਹੇ।

3. ਲੁਧਿਆਣਾ ਏਜੰਸੀ ਰਿਕਾਰਡ, ਸਫ਼ਾ 153

4. ਇਸ ਰੌਲੇ ਬਾਬਤ ਇਹ ਭੀ ਕਿਹਾ ਜਾਂਦਾ ਸੀ ਕਿ ਇਸ ਰੌਲੇ ਦਾ ਕਾਰਨ ਕਪਤਾਨ ਵਾਈਟ ਦੇ ਸਿਪਾਹੀਆਂ ਦਾ ਇਲਾਕੇ ਦੇ ਲੋਕਾਂ ਨਾਲ ਅਯੋਗ ਵਰਤਾਵਾ ਸੀ, ਚੁਨਾਂਚਿ ਇਸਦੀ ਰਿਪੋਰਟ ਪਰੈਜ਼ੀਡੈਂਟ ਦਿੱਲੀ ਨੂੰ ਭੇਜੀ ਵੀ ਗਈ, ਪਰ ਇਹ ਗੱਲ ਸਬੂਤ ਤੀਕ ਨਾ ਪਹੁੰਚ ਸਕੀ। ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ ਰੌਲੇ ਦਾ ਮੂਲ ਕਾਰਨ ਇਹੋ ਬੇਬੁਨਿਆਦ ਅਫ਼ਵਾਹ ਸੀ, ਜਿਸਦਾ ਜ਼ਿਕਰ ਉੱਤੇ ਕੀਤਾ ਗਿਆ ਹੈ।

3. ਰਾਜਗਾਨ ਪੰਜਾਬ ਇਤਿਹਾਸ ਪਟਿਆਲਾ, ਸਫਾ 156

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
**ਮੁੱਖ ਸੰਪਾਦਕ**



## Harcourts Topline

Licensed Agent REAA 2008

Your home is One of your most valuable *asset*

**We are a complete One stop shop for all your Real Estate needs**

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call **The Topline TEAM***
*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।





Hardev Brar
M: 027 442 7338
E: Hardev.brar@harcourts.co.nz

Mehul Mody
M: 021 990 080
E: mehul.mody@harcourts.co.nz

M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill,Auckland



## DH SUPERMARKET



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।

| PAPATOETOE | FLATBUSH | PAPAKURA |
|---|---|---|
| 141 Kolmar Road, Papatoetoe | 46 Ormiston Road, East Tāmaki | 38 O'Shannessey Street, Papakura |



## SPARKLES JEWELLERS



- BIS HALL MARKED JEWELLERY
- LIFETIME JEWELLERY CLEANING SERVICE
- MADE FROM 100% CERTIFIED PURE GOLD
- LIFETIME STONE REPAIR SERVICE

208 Great South Road, Papatoetoe,
Auckland 2025, New Zealand
+64 210 755 266



iColour Graphics T/A

## iSIGNS

DESIGN
PRINT
SIGN

**PRINTING**
- BUSINESS CARDS
- FLYERS
- PHOTOCOPY
- LAMINATION
- BINDING & MORE...

**SIGNAGE**
- SHOP SIGNS
- VEHICLE SIGNS
- FOOTPATH SIGNS
- PULL-UP BANNERS
- POSTERS & MORE...



PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI

# ਯੂਪੀ ਦੀ ਔਰਤ ਨੇ 7 ਫੁੱਟ 9 ਲੰਬੇ ਵਾਲਾਂ ਨਾਲ ਬਣਾਇਆ ਵਿਸ਼ਵ ਰਿਕਾਰਡ



ਦੇਸ਼- ਉੱਤਰੀ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੀ ਇੱਕ ਔਰਤ ਨੇ ਇੱਕ ਜੀਵਤ ਵਿਅਕਤੀ 'ਤੇ ਸਭ ਤੋਂ ਲੰਬੇ ਵਾਲ ਰੱਖਣ ਦਾ ਗਿਨੀਜ਼ ਰਿਕਾਰਡ ਬਣਾਇਆ ਹੈ।

ਸਮਿਤਾ ਸ਼੍ਰੀਵਾਸਤਵ 14 ਸਾਲ ਦੀ ਉਮਰ ਤੋਂ ਹੀ ਆਪਣੇ ਸੱਤ ਫੁੱਟ ਨੌਂ ਇੰਚ ਲੰਬੇ ਵਾਲ ਵਧਾ ਰਹੀ ਹੈ।46 ਸਾਲਾ ਦੀ ਮਾਂ ਨੇ ਉਸ ਨੂੰ ਆਪਣੇ ਵਾਲ ਉਗਾਉਣ ਲਈ ਪ੍ਰੇਰਿਤ ਕੀਤਾ, ਜਿਵੇਂ ਕਿ 1980 ਦੇ ਦਹਾਕੇ ਦੀਆਂ ਭਾਰਤੀ ਅਭਿਨੇਤਰੀਆਂ, ਜਿਨ੍ਹਾਂ ਦੇ ਵਾਲ ਲੰਬੇ ਅਤੇ ਸੁੰਦਰ ਸਨ।

"ਭਾਰਤੀ ਸੰਸਕ੍ਰਿਤੀ ਵਿੱਚ, ਦੇਵੀ ਦੇ ਰਵਾਇਤੀ ਤੌਰ 'ਤੇ ਬਹੁਤ ਲੰਬੇ ਵਾਲ ਸਨ।ਸਾਡੇ ਸਮਾਜ ਵਿੱਚ ਵਾਲ ਕਟਵਾਉਣਾ ਅਸ਼ੁੱਭ ਮੰਨਿਆ ਜਾਂਦਾ ਹੈ, ਇਸ ਲਈ ਔਰਤਾਂ ਵਾਲ ਕੱਟਦੀਆਂ ਸਨ।ਲੰਬੇ ਵਾਲ ਔਰਤਾਂ ਦੀ ਸੁੰਦਰਤਾ ਨੂੰ ਵਧਾਉਂਦੇ ਹਨ, "ਸਮਿਤਾ ਨੇ ਗਿਨੀਜ਼ ਵਰਲਡ ਰਿਕਾਰਡ (GWR) ਨੂੰ ਦੱਸਿਆ।

GWR ਦੇ ਅਨੁਸਾਰ, ਸਮਿਤਾ ਹਫ਼ਤੇ ਵਿੱਚ ਦੋ ਵਾਰ ਆਪਣੇ ਵਾਲਾਂ ਨੂੰ ਧੋਂਦੀ ਹੈ, ਅਤੇ ਫਿਰ ਇਸਨੂੰ ਵਿਗਾੜਨ ਅਤੇ ਸਟਾਈਲ ਕਰਨ ਤੋਂ ਪਹਿਲਾਂ ਇੱਕ ਤੌਲੀਏ ਨਾਲ ਸੁਕਾਉਂਦੀ ਹੈ।ਉਸ ਨੂੰ ਆਪਣੇ ਵਾਲਾਂ ਨੂੰ ਵਿਗਾੜਨ ਲਈ ਬਿਸਤਰੇ 'ਤੇ ਖੜ੍ਹਨਾ ਪੈਂਦਾ ਹੈ, ਹੇਠਾਂ ਚਾਦਰ ਰੱਖਦੀ ਹੈ।

ਰਿਕਾਰਡ ਬੁੱਕ ਵਿੱਚ ਦਾਖਲ ਹੋਣ ਤੋਂ ਬਾਅਦ, ਸਮਿਤਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ: "ਰੱਬ ਨੇ ਮੇਰੀਆਂ ਪ੍ਰਾਰਥਨਾਵਾਂ ਦਾ ਜਵਾਬ ਦਿੱਤਾ।" ਪੋਸਟ ਨੂੰ ਘੰਟਿਆਂ ਦੇ ਅੰਦਰ 3.9 ਲੱਖ ਤੋਂ ਵੱਧ ਲੋਕਾਂ ਦੁਆਰਾ ਦੇਖਿਆ ਗਿਆ ਸੀ, ਇਸ ਤੋਂ ਇਲਾਵਾ 20,500 ਤੋਂ ਵੱਧ ਲਾਈਕਸ ਅਤੇ ਟਿੱਪਣੀਆਂ ਦੇ ਸਕੋਰ ਪ੍ਰਾਪਤ ਕੀਤੇ ਗਏ ਸਨ।






# World Cup ਟਰਾਫੀ 'ਤੇ ਪੈਰ ਰੱਖਣ ਵਾਲੇ ਮਿਚੇਲ ਮਾਰਸ਼ ਨੇ ਤੋੜੀ ਚੁੱਪੀ



ਮੈਲਬੋਰਨ : ਵਿਸ਼ਵ ਕੱਪ ਟਰਾਫੀ 'ਤੇ ਪੈਰ ਰੱਖ ਕੇ ਫੋਟੋ ਸੋਸ਼ਲ ਮੀਡੀਆ 'ਤੇ ਪਾਉਣ ਵਾਲੇ ਆਸਟ੍ਰੇਲੀਆਈ ਆਲਰਾਊਂਡਰ ਮਿਚੇਲ ਮਾਰਸ਼ ਦਾ ਇਸ ਬਾਰੇ ਪਹਿਲਾ ਬਿਆਨ ਸਾਹਮਣੇ ਆਇਆ ਹੈ।ਵਿਸ਼ਵ ਕੱਪ 2023 ਦਾ ਫ਼ਾਈਨਲ ਮੁਕਾਬਲਾ ਭਾਰਤ ਅਤੇ ਆਸਟ੍ਰੇਲੀਆ ਵਿਚਾਲੇ ਖੇਡਿਆ ਗਿਆ ਸੀ।ਇਸ ਮੁਕਾਬਲੇ ਵਿਚ ਆਸਟ੍ਰੇਲੀਆ ਨੇ ਭਾਰਤ ਨੂੰ ਹਰਾ ਕੇ ਵਿਸ਼ਵ ਕੱਪ ਦਾ ਖ਼ਿਤਾਬ ਆਪਣੇ ਨਾਂ ਕੀਤਾ ਸੀ। ਇਸ ਮਗਰੋਂ ਜਿੱਥੇ ਸਾਰੇ ਆਸਟ੍ਰੇਲੀਆਈ ਖ਼ਿਡਾਰੀ ਜਸ਼ਨ ਮਨਾ ਰਹੇ ਸਨ, ਉੱਥੇ ਹੀ ਮਿਚੇਲ ਮਾਰਸ਼ ਵੱਲੋਂ ਇਸਟਾਗ੍ਰਾਮ 'ਤੇ ਸਾਂਝੀ ਕੀਤੀ ਤਸਵੀਰ ਨੇ ਇਕ ਨਵਾਂ ਹੀ ਵਿਵਾਦ ਖੜ੍ਹਾ ਕਰ ਦਿੱਤਾ।ਉਹ ਵਿਸ਼ਵ ਕੱਪ ਦੀ ਜੇਤੂ ਟਰਾਫ਼ੀ ਉੱਪਰ ਪੈਰ ਰੱਖ ਕੇ ਬੈਠਾ ਨਜ਼ਰ ਆ ਰਿਹਾ ਸੀ।

ਇਸ ਮਗਰੋਂ ਭਾਰਤੀ ਕ੍ਰਿਕਟ ਪ੍ਰਸ਼ੰਸਕਾਂ ਦਾ ਗੁੱਸਾ ਫੁੱਟ ਪਿਆ ਤੇ ਮਾਰਸ਼ ਦੀ ਇਸ ਹਰਕਤ ਦਾ ਵਿਰੋਧ ਕੀਤਾ ਜਾਣ ਲੱਗ ਪਿਆ।ਹੁਣ ਇਸ ਬਾਰੇ ਮਾਰਸ਼ ਨੇ ਕਿਹਾ ਕਿ ਇਹ ਅਪਮਾਨਜਨਕ ਨਹੀਂ ਸੀ ਅਤੇ ਉਹ ਇਸ ਨੂੰ ਦੁਬਾਰਾ ਕਰ ਸਕਦਾ ਹੈ।ਮਾਰਸ਼ ਨੇ ਸੇਨ ਰੇਡੀਓ ਨੂੰ ਦੱਸਿਆ, "ਇਸ ਫੋਟੋ ਵਿਚ ਕੁਝ ਵੀ ਅਪਮਾਨਜਨਕ ਨਹੀਂ ਸੀ।ਮੈਂ ਇੰਨਾ ਨਹੀਂ ਸੋਚਿਆ।ਮੈਂ ਸੋਸ਼ਲ ਮੀਡੀਆ 'ਤੇ ਵੀ ਨਹੀਂ ਦੇਖਿਆ ਜਦਕਿ ਹਰ ਕੋਈ ਮੈਨੂੰ ਕਹਿ ਰਿਹਾ ਹੈ ਕਿ ਇਸ ਨੇ ਵਿਵਾਦ ਖੜ੍ਹਾ ਕਰ ਦਿੱਤਾ ਹੈ।" ਇਹ ਪੁੱਛੇ ਜਾਣ 'ਤੇ ਕਿ ਕੀ ਉਹ ਅਜਿਹਾ ਦੁਬਾਰਾ ਕਰਨਗੇ ਤਾਂ ਮਾਰਸ਼ ਨੇ ਕਿਹਾ, "ਇਮਾਨਦਾਰੀ ਨਾਲ ਕਹਾਂ, ਤਾਂ ਸ਼ਾਇਦ ਹਾਂ।"

ਭਾਰਤੀ ਪ੍ਰਸ਼ੰਸਕ ਮਾਰਸ਼ ਦੀ ਇਸ ਹਰਕਤ ਤੋਂ ਖ਼ਫ਼ਾ ਸਨ। ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੇ ਕਿਹਾ, "ਇਸ ਟਰਾਫੀ ਲਈ ਦੁਨੀਆ ਦੀਆਂ ਸਾਰੀਆਂ ਟੀਮਾਂ ਵਿਚਾਲੇ ਮੁਕਾਬਲਾ ਸੀ।ਤੁਸੀਂ ਇਸ ਟਰਾਫੀ ਨੂੰ ਆਪਣੇ ਸਿਰ 'ਤੇ ਰੱਖਣਾ ਚਾਹੁੰਦੇ ਸੀ।ਉਸੇ ਟਰਾਫੀ 'ਤੇ ਪੈਰ ਰੱਖੇ ਦੇਖ ਕੇ ਮੈਨੂੰ ਖ਼ੁਸ਼ੀ ਨਹੀਂ ਹੋਈ।"

# ਆਸਟ੍ਰੇਲੀਆ ਨੂੰ ਹਰਾ ਕੇ ਭਾਰਤ ਨੇ ਰਚਿਆ ਇਤਿਹਾਸ



ਭਾਰਤ ਨੇ ਸ਼ੁੱਕਰਵਾਰ ਨੂੰ ਰਾਏਪੁਰ 'ਚ ਚੌਥੇ ਠ20ੀ ਮੈਚ 'ਚ ਆਸਟਰੇਲੀਆ ਨੂੰ 20 ਦੌੜਾਂ ਨਾਲ ਹਰਾ ਕੇ ਪੰਜ ਮੈਚਾਂ ਦੀ ਲੜੀ 'ਚ 3-1 ਦੀ ਅਜੇਤੂ ਬੜ੍ਹਤ ਬਣਾ ਲਈ ਹੈ।ਸੀਰੀਜ਼ ਦਾ ਚੌਥਾ ਮੁਕਾਬਲਾ ਛੱਤੀਸਗੜ੍ਹ ਦੇ ਰਾਏਪੁਰ ਸਟੇਡੀਅਮ 'ਚ ਖੇਡਿਆ ਗਿਆ ਜਿਸ ਵਿਚ ਆਸਟ੍ਰੇਲੀਆ ਨੇ ਟਾਸ ਜਿੱਤ ਕੇ ਭਾਰਤ ਨੂੰ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ।ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਿਤ 20 ਓਵਰਾਂ 'ਚ 9 ਵਿਕਟਾਂ ਗੁਆ ਕੇ 174 ਦੌੜਾਂ ਬਣਾਈਆਂ ਤੇ ਆਸਟ੍ਰੇਲੀਆ ਨੂੰ ਜਿੱਤ ਲਈ 175 ਦੌੜਾਂ ਦਾ ਟੀਚਾ ਦਿੱਤਾ।ਇਸ ਦੇ ਜਵਾਬ ਵਿਚ ਆਸਟ੍ਰੇਲੀਆ ਦੀ ਟੀਮ ਨਿਰਧਾਰਿਤ 20 ਓਵਰਾਂ ਵਿਚ 7 ਵਿਕਟਾਂ ਗੁਆ ਕੇ 154 ਦੌੜਾਂ ਹੀ ਬਣਾ ਸਕੀ ਤੇ ਇਹ ਮੁਕਾਬਲਾ 20 ਦੌੜਾਂ ਨਾਲ ਗੁਆ ਬੈਠੀ।

ਟਾਸ ਹਾਰਨ ਮਗਰੋਂ ਪਹਿਲਾਂ ਬੱਲੇਬਾਜ਼ੀ ਦਾ ਸੱਦਾ ਮਿਲਣ 'ਤੇ ਸਲਾਮੀ ਬੱਲੇਬਾਜ਼ਾਂ ਯਸ਼ਸਵੀ ਜੈਸਵਾਲ (37) ਅਤੇ ਰੁਤੂਰਾਤ ਗਾਇਕਵਾੜ (32) ਨੇ ਭਾਰਤ ਨੂੰ ਇਕ ਚੰਗੀ ਸ਼ੁਰੂਆਤ ਦੁਆਈ। ਦੋਹਾਂ ਵਿਚਾਲੇ ਪਹਿਲੀ ਵਿਕਟ ਲਈ 50 ਦੌੜਾਂ ਦੀ ਸਾਂਝੇਦਾਰੀ ਹੋਈ ਪਰ ਫ਼ਿਰ ਭਾਰਤ ਨੇ 13 ਦੌੜਾਂ ਦੇ ਅੰਦਰ ਹੀ ਤਿੰਨ ਵਿਕਟਾਂ ਗੁਆ ਦਿੱਤੀਆਂ।ਇਸ ਮਗਰੋਂ ਗਾਇਕਵਾੜ ਤੇ ਰਿੰਕੂ ਸਿੰਘ ਨੇ ਪਾਰੀ ਨੂੰ ਸੰਭਾਲਿਆ ਤੇ ਗਾਇਕਵਾੜ ਦੇ ਆਊਟ ਹੋਣ ਮਗਰੋਂ ਜਿਤੇਸ਼ ਸ਼ਰਮਾ (35) ਨੇ ਰਿੰਕੂ ਸਿੰਘ (46) ਦਾ ਸਾਥ ਬਾਖ਼ੂਬੀ ਨਿਭਾਇਆ। ਇਨ੍ਹਾਂ ਪਾਰੀਆਂ ਸਦਕਾ ਭਾਰਤ ਨੇ 20 ਓਵਰਾਂ 'ਚ 9 ਵਿਕਟਾਂ ਗੁਆ ਕੇ 174 ਦੌੜਾਂ ਬਣਾਈਆਂ।

175 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉੱਤਰੀ ਆਸਟ੍ਰੇਲੀਆ ਦੀ ਟੀਮ ਦੀ ਸ਼ੁਰੂਆਤ ਤੇਜ਼ ਰਹੀ ਤੇ ਟੀਮ ਨੇ 3 ਓਵਰਾਂ 'ਚ 40 ਦੌੜਾਂ ਬਣਾ ਲਈਆਂ ਸਨ।ਪਰ ਰਵੀ ਬਿਸ਼ਨੋਈ ਨੇ ਜੋਸ਼ ਫਿਲਿਪ ਨੂੰ 8 ਅਤੇ ਅਕਸ਼ਰ ਪਟੇਲ ਨੇ ਟ੍ਰੈਵਿਸ ਹੈੱਡ ਨੂੰ 31 ਦੌੜਾਂ ਦੇ ਨਿਜੀ ਸਕੋਰ 'ਤੇ ਆਊਟ ਕਰ ਦਿੱਤਾ।ਇਸ ਮਗਰੋਂ ਭਾਰਤੀ ਗੇਂਦਬਾਜ਼ਾਂ ਦੀ ਵਾਪਸੀ ਸ਼ਾਨਦਾਰ ਰਹੀ।ਅਖ਼ੀਰ ਵਿਚ ਕਪਤਾਨ ਮੈਥੀਊ ਵੇਡ ਨੇ ਅਜੇਤੂ 36 ਦੌੜਾਂ ਦੀ ਪਾਰੀ ਖੇਡੀ ਪਰ ਉਹ ਆਪਣੀ ਟੀਮ ਨੂੰ ਜਿੱਤ ਤਕ ਨਹੀਂ ਪਹੁੰਚਾ ਸਕੇ।ਆਸਟ੍ਰੇਲੀਆ ਦੀ ਟੀਮ 20 ਓਵਰਾਂ ਵਿਚ 7 ਵਿਕਟਾਂ ਗੁਆ ਕੇ 154 ਦੌੜਾਂ ਹੀ ਬਣਾ ਸਕੀ। ਇਸ ਤਰ੍ਹਾਂ ਸੂਰਿਆਕੁਮਾਰ ਯਾਦਵ ਨੇ ਬਤੌਰ ਕਪਤਾਨ ਆਪਣੀ ਪਹਿਲੀ ਸੀਰੀਜ਼ ਜਿੱਤੀ। ਟੀਮ ਇੰਡੀਆ ਨੇ ਸੂਰਿਆਕੁਮਾਰ ਯਾਦਵ ਦੀ ਕਪਤਾਨੀ 'ਚ ਸੀਰੀਜ਼ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।ਦਰਅਸਲ ਟੀਮ ਇੰਡੀਆ ਨੇ ਸਭ ਤੋਂ ਵੱਧ ਟੀ-20 ਮੈਚ ਜਿੱਤਣ ਦਾ ਵਿਸ਼ਵ ਰਿਕਾਰਡ ਬਣਾਇਆ ਹੈ।ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਇਹ ਵੱਡਾ ਮੀਲ ਪੱਥਰ ਹਾਸਲ ਕੀਤਾ ਹੈ। ਭਾਰਤ ਨੇ ਹੁਣ ਤੱਕ ਟੀ-20 ਵਿੱਚ 136 ਜਿੱਤਾਂ ਦਰਜ ਕੀਤੀਆਂ ਹਨ।

# ਨਿਊਜ਼ੀਲੈਂਡ ਦੇ ਸਿੱਖ ਸਟੇਡੀਅਮ ਟਾਕਾਨੀਨੀ 'ਚ ਕਬੱਡੀ ਸਿਤਾਰਿਆਂ ਨੇ ਮਚਾਈ ਧੂਮ






ਆਕਲੈਂਡ - ਹਾਲ ਹੀ ਵਿੱਚ ਸਮਾਪਤ ਹੋਇਆ 2023 ਕਬੱਡੀ ਵਿਸ਼ਵ ਕੱਪ, ਆਕਲੈਂਡ ਵਿੱਚ ਟਾਕਾਨਿਨੀ ਗੁਰਦੁਆਰਾ ਸਾਹਿਬ ਦੇ ਪਿੱਛੇ ਨਵੇਂ ਬਣੇ ਨਿਊਜ਼ੀਲੈਂਡ ਸਿੱਖ ਸਟੇਡੀਅਮ ਵਿੱਚ ਆਯੋਜਿਤ ਕੀਤਾ ਗਿਆ, ਕਬੱਡੀ ਦੇ ਸ਼ੌਕੀਨਾਂ ਲਈ ਇੱਕ ਇਤਿਹਾਸਕ ਪਲ ਸੀ। ਦੋ ਦਿਨਾਂ ਵਿੱਚ, 25 ਤੋਂ 26 ਨਵੰਬਰ ਤੱਕ ਇਸ ਸਮਾਗਮ ਵਿੱਚ 25,000 ਤੋਂ ਵੱਧ ਹਾਜ਼ਰੀਨ ਨੇ ਭਾਰੀ ਮਤਦਾਨ ਕੀਤਾ।

ਇਸ ਮੁਕਾਬਲੇ ਨੇ ਨਿਊਜ਼ੀਲੈਂਡ, ਆਸਟ੍ਰੇਲੀਆ, ਅਮਰੀਕਾ, ਕੈਨੇਡਾ, ਭਾਰਤ ਅਤੇ ਪਾਕਿਸਤਾਨ ਦੇ ਕੁਝ ਵਧੀਆ ਖਿਡਾਰੀਆਂ ਨੂੰ ਇਕੱਠਾ ਕੀਤਾ, ਜੋ ਕਿ 2014 ਵਿੱਚ ਆਖਰੀ ਈਵੈਂਟ ਤੋਂ ਬਾਅਦ ਨਿਊਜ਼ੀਲੈਂਡ ਦੁਆਰਾ ਮੇਜ਼ਬਾਨੀ ਕੀਤੀ ਗਈ ਖੇਡ ਦੇ ਪਹਿਲੇ ਵਿਸ਼ਵ ਮੁਕਾਬਲੇ ਦੀ ਨੁਮਾਇੰਦਗੀ ਕਰਦੇ ਹੋਏ ਫਾਈਨਲ ਵਿੱਚ, ਆਸਟ੍ਰੇਲੀਆ ਸੰਯੁਕਤ ਰਾਜ ਦੇ ਖਿਲਾਫ ਜੇਤੂ ਬਣ ਕੇ ਉੱਭਰਿਆ, ਜਦੋਂ ਕਿ ਨਿਊਜ਼ੀਲੈਂਡ ਨੂੰ ਸੈਮੀਫਾਈਨਲ ਵਿੱਚ ਸੰਯੁਕਤ ਰਾਜ ਅਮਰੀਕਾ ਦੇ ਖਿਲਾਫ ਹਾਰ ਦਾ ਸਾਹਮਣਾ ਕਰਨਾ ਪਿਆ। ਸਰਵੋਤਮ ਜਾਫੀ ਦਾ ਅਵਾਰਡ ਬਿੰਦੂ ਸੀਚੇਵਾਲ ਅਤੇ ਅੰਮ੍ਰਿਤ ਔਲਖ ਨੇ ਜਿੱਤਿਆ ਅਤੇ ਬੈਸਟ ਰੇਡਰ ਦਾ ਖਿਤਾਬ ਜਸ਼ਨ ਆਲਮਗੀਰ ਨੂੰ ਮਿਲਿਆ।

ਦਿਲਰਾਜ ਕੌਰ, ਨਿਊਜ਼ੀਲੈਂਡ ਸਿੱਖ ਸਪੋਰਟਸ ਕੰਪਲੈਕਸ (NZSSC) ਦੀ ਪ੍ਰਧਾਨ ਅਤੇ ਪ੍ਰਬੰਧਕੀ ਕਮੇਟੀ ਦਾ ਹਿੱਸਾ, ਨੇ ਪ੍ਰਗਟ ਕੀਤਾ, "ਇਸ ਸਮਾਗਮ ਦਾ ਹੁੰਗਾਰਾ ਬਹੁਤ ਜ਼ਿਆਦਾ ਸਕਾਰਾਤਮਕ ਸੀ, ਹਾਜ਼ਰੀਨ ਨੇ ਮੁਕਾਬਲੇ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕੀਤੀ ਅਤੇ ਇਸ ਨੂੰ ਉਤਸ਼ਾਹਿਤ ਕੀਤਾ ਗਿਆ ਸੱਭਿਆਚਾਰਕ ਅਦਾਨ-ਪ੍ਰਦਾਨ। ਕਬੱਡੀ ਵਿਸ਼ਵ ਕੱਪ ਵੱਖ-ਵੱਖ ਦੇਸ਼ਾਂ ਦੇ ਹਾਜ਼ਰੀਨ ਵਿਚਕਾਰ ਸਮਝ ਅਤੇ ਏਕਤਾ ਨੂੰ ਉਤਸ਼ਾਹਿਤ ਕਰਨ ਵਾਲੇ ਸੱਭਿਆਚਾਰਾਂ ਦਾ ਪਿਘਲਣ ਵਾਲਾ ਪੋਟ ਹੈ। ਇਸ ਉਤਸ਼ਾਹੀ ਹੁੰਗਾਰੇ ਦੇ ਕਾਰਨ, ਅਸੀਂ ਇਸ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ, ਕਬੱਡੀ ਵਿਸ਼ਵ ਕੱਪ ਨੂੰ ਸਾਲਾਨਾ ਸਮਾਗਮ ਬਣਾਉਣ ਦੀ ਯੋਜਨਾ ਬਣਾ ਰਹੇ ਹਾਂ।"NZSSC ਸੁਪਰੀਮ ਸਿੱਖ ਸੋਸਾਇਟੀ ਆਫ ਜ਼ੀਗ ਦਾ ਖੇਡ ਵਿੰਗ ਹੈ, ਅਤੇ ਨੌਜਵਾਨ ਟੀਮ ਖੇਡ ਕੰਪਲੈਕਸ ਦੇ ਮਾਮਲਿਆਂ ਦੀ ਦੇਖ-ਰੇਖ ਕਰਦੀ ਹੈ। ਸਾਰੇ ਨੌਜਵਾਨ NZ ਦੇ ਜੰਮਪਲ ਹਨ ਅਤੇ ਸਾਰੇ ਖੇਡ ਸਮਾਗਮਾਂ ਵਿੱਚ ਭਾਰੀ ਸ਼ਮੂਲੀਅਤ ਕਰਦੇ ਹਨ।

ਦੋ ਦਿਨ ਤੱਕ ਚੱਲੇ ਇਸ ਕਬੱਡੀ ਵਿਸ਼ਵ ਕੱਪ ਵਿੱਚ 105 ਦੇ ਕਰੀਬ ਵਿਦੇਸ਼ੀ ਖਿਡਾਰੀਆਂ ਨੇ ਭਾਗ ਲਿਆ। ਮਹਿੰਦਰਾ ਮੋਟਰਜ਼, ਫੰਡਗਰੁੱਪ ਇੰਸ਼ੋਰੈਂਸ ਬ੍ਰੋਕਰ, ਨੌਹਰੀਆ ਪ੍ਰੀਕਾਸਟ ਅਤੇ ਹੋਰ ਭਾਰਤੀ ਕਾਰੋਬਾਰ ਇਸ ਸਮਾਗਮ ਲਈ ਮੁੱਖ ਸਪਾਂਸਰ ਸਨ। ਇਸ ਸ਼ਾਨਦਾਰ ਸਮਾਗਮ ਪਿੱਛੇ ਮੁੱਢਲੀ ਪ੍ਰੇਰਨਾ ਸਿੱਖ ਸਟੇਡੀਅਮ ਦਾ ਉਦਘਾਟਨ ਸੀ, ਜਿਸ ਨੂੰ ਪੂਰਾ ਹੋਣ ਵਿੱਚ ਦੋ ਸਾਲ ਲੱਗੇ। ਦਿਲਰਾਜ ਨੇ ਉਜਾਗਰ ਕੀਤਾ, "2,500 ਦੇ ਬੈਠਣ ਦੀ ਸਮਰੱਥਾ ਵਾਲਾ ਸਟੇਡੀਅਮ, ਖੇਡਾਂ ਅਤੇ ਭਾਈਚਾਰੇ ਵਿੱਚ ਏਕਤਾ ਨੂੰ ਉਤਸ਼ਾਹਿਤ ਕਰਨ ਦੇ ਸਮਰਪਣ ਦੇ ਪ੍ਰਤੀਕ ਵਜੋਂ ਖੜ੍ਹਾ ਹੈ।

ਸਿੱਖ ਸਟੇਡੀਅਮ ਦੀ ਸਥਾਪਨਾ ਨਾਲ ਆਉਣ ਵਾਲੇ ਸਾਲਾਂ ਵਿੱਚ ਮੁਕਾਬਲੇ ਦੇ ਕੱਦ ਨੂੰ ਉੱਚਾ ਚੁੱਕਣ ਦੀ ਉਮੀਦ ਹੈ। ਇਹ ਭਾਰਤ ਤੋਂ ਬਾਹਰ ਕਬੱਡੀ ਨੂੰ ਸਮਰਪਿਤ ਪਹਿਲਾ ਸਟੇਡੀਅਮ ਹੈ, ਅਤੇ ਇਸ ਦਾ ਉਦਘਾਟਨ ਸੱਭਿਆਚਾਰਕ ਵਿਭਿੰਨਤਾ ਅਤੇ ਸਮਾਵੇਸ਼ ਪ੍ਰਤੀ ਸਾਡੀ ਵਚਨਬੱਧਤਾ ਦਾ ਇੱਕ ਮਹੱਤਵਪੂਰਨ ਪ੍ਰਤੀਕ ਹੈ।"



ਮੇਲਿਸਾ ਲੀ, ਰੀਮਾ ਨਖਲੇ, ਡਾ: ਪਰਮਜੀਤ ਪਰਮਾਰ, ਗ੍ਰੇਗ ਫਲੇਮਿੰਗ ਅਤੇ ਨਿਊਜ਼ੀਲੈਂਡ ਵਿੱਚ ਆਸਟ੍ਰੇਲੀਆ ਦੇ ਰਾਜਦੂਤ, ਹਰਿੰਦਰ ਸਿੱਧੂ ਵਰਗੀਆਂ ਨਾਮਵਰ ਸ਼ਖਸੀਅਤਾਂ ਦੇ ਨਾਲ ਇਸ ਸਮਾਗਮ ਨੇ ਮਹੱਤਵਪੂਰਨ ਧਿਆਨ ਖਿੱਚਿਆ। ਆਕਲੈਂਡ ਕੌਂਸਲ ਵੱਲੋਂ ਇਸ ਸਮਾਗਮ ਨੂੰ ਮਾਣ ਨਾਲ ਸਹਿਯੋਗ ਦਿੱਤਾ ਗਿਆ। ਬਰੈਂਟ ਕੈਚਪੋਲ, ਚੇਅਰਪਰਸਨ, ਪਾਪਾਕੁਰਾ ਲੋਕਲ ਬੋਰਡ ਨੇ ਸਮਾਗਮ ਨੂੰ ਮਜ਼ੇਦਾਰ ਅਤੇ ਰੋਮਾਂਚਕ ਦੱਸਿਆ। ਉਸਨੇ ਕਿਹਾ, "ਕੁਝ ਮਹਾਨ ਖਿਡਾਰੀਆਂ ਨੂੰ ਇਸ ਨਾਲ ਲੜਦੇ ਹੋਏ ਦੇਖਣਾ ਇੱਕ ਸ਼ਾਨਦਾਰ ਅਨੁਭਵ ਸੀ। ਭੀੜ ਬਹੁਤ ਸੀ। ਇਹ ਇਕ ਦਿਲਚਸਪ ਮੌਕਾ ਸੀ ਜਿਸ ਨੂੰ ਮੈਂ ਖੁੰਝਾਇਆ ਨਹੀਂ ਸੀ।

ਆਕਲੈਂਡ ਕਾਉਂਸਲ ਦੇ ਮੈਨੂਰੇਵਾ-ਪਾਪਾਕੁਰਾ ਵਾਰਡ ਦੇ ਕੌਂਸਲਰ ਡੈਨੀਅਲ ਨਿਊਮੈਨ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ: "ਕਬੱਡੀ ਵਿਸ਼ਵ ਕੱਪ ਬਿਲਕੁਲ ਸ਼ਾਨਦਾਰ ਸਫਲਤਾ ਅਤੇ ਮੇਰੇ ਜੀਵਨ ਦੇ ਸਭ ਤੋਂ ਵਧੀਆ ਤਜ਼ਰਬਿਆਂ ਵਿੱਚੋਂ ਇੱਕ ਸੀ। ਟਾਕਾਨਿਨੀ ਦੇ ਦਿਲ ਵਿੱਚ ਇੱਕ ਅੰਤਰਰਾਸ਼ਟਰੀ ਮਿਆਰੀ ਖੇਡ ਸਮਾਗਮ ਹੋਣਾ ਹੈਰਾਨੀਜਨਕ ਹੈ।

ਦਲਜੀਤ ਸਿੰਘ ਅਤੇ ਸੁਪਰੀਮ ਸਿੱਖ ਸੋਸਾਇਟੀ ਨੂੰ ਮੇਰੀਆਂ ਦਿਲੋਂ ਵਧਾਈਆਂ, ਜਿਨ੍ਹਾਂ ਨੇ ਇਸ ਸਾਲ ਦੇ ਟੂਰਨਾਮੈਂਟ ਦੇ ਆਯੋਜਨ ਵਿੱਚ ਨੌਜਵਾਨਾਂ ਦੀ ਮਦਦ ਕਰਨ ਲਈ ਸ਼ਾਨਦਾਰ ਕੰਮ ਕੀਤਾ। "ਮੈਨੂੰ ਮਾਣ ਹੈ ਕਿ ਵਾਈਰੀ ਲਾਇਸੈਂਸਿੰਗ ਟਰੱਸਟ, ਜਿਸ ਦਾ ਮੈਂ ਡਿਪਟੀ ਚੇਅਰ ਹਾਂ, ਕਬੱਡੀ ਸਟੇਡੀਅਮ ਦੀ ਉਸਾਰੀ ਲਈ ਫੰਡ ਦੇਣ ਲਈ ਕਾਰਵਾਈ ਕਰ ਸਕਦਾ ਹੈ।"

# ਸੁਰਿੰਦਰ ਸੋਨੀਆ




ਮੁਰਝਾਇਆ ਚਿਹਰਾ, ਹੱਡੀਆਂ ਦੀ ਮੁੱਠ ਸਰੀਰ, ਚਮਕ ਵਿਹੂਣੀਆਂ ਬੱਗੀਆਂ ਅੱਖਾਂ, ਮਧਰਾ ਕੱਦ ਤੇ ਗੱਲਾਂ ਵਿੱਚ ਥੋੜ੍ਹੀ ਤਲਖੀ ਸੁਰਿੰਦਰ ਸੋਨੀਆ ਦੀ ਸ਼ਖ਼ਸੀਅਤ ਦੀ ਨਿਸ਼ਾਨੀ ਹੈ। ਸੋਨੀਆ ਨੂੰ ਹਰ ਉਹ ਪੰਜਾਬੀ ਜਾਣਦਾ ਹੈ, ਜਿਹੜਾ ਅਮਰ ਸਿੰਘ ਚਮਕੀਲਾ ਦੀ ਗਾਇਕੀ ਨੂੰ ਪਿਆਰ ਕਰਦਾ ਹੈ। ਸੋਨੀਆ ਆਪਣੇ ਵੇਲੇ ਦੀ ਕਮਾਲ ਦੀ ਗਾਇਕਾ ਰਹੀ ਪਰ ਹੁਣ ਉਹ ਹਮਦਰਦੀ ਦੀ ਮੁਥਾਜ ਬਣ ਕੇ ਰਹਿ ਗਈ ਹੈ। ਉਸ ਦੀ ਹਾਲਤ ਵੇਖ ਕੇ ਤਰਸ ਬਹੁਤ ਆਉਂਦਾ ਹੈ ਪਰ ਕੀਤਾ ਕੁੱਝ ਵੀ ਨਹੀਂ ਜਾ ਸਕਦਾ, ਕਿਉਂਕਿ ਸਾਡੇ ਸੱਭਿਆਚਾਰ ਹਿਤੈਸ਼ੀ ਕੁੰਭਕਰਨੀ ਨੀਂਦ ਸੁੱਤੇ ਹੋਏ ਹਨ। ਸਾਡੇ ਸੱਭਿਆਚਾਰਕ ਮੰਡਲ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਚੰਗੀ ਨਹੀਂ ਲੱਗਦੀ ਕਿ ਕਲਾ ਅਤੇ ਕਲਾਕਾਰਾਂ ਦੀ ਕਦਰ ਕੀਤੀ ਜਾਵੇ। ਉਨ੍ਹਾਂ ਨੂੰ ਬਿਆਨ ਦਾਗਣੇ ਤਾਂ ਆਉਂਦੇ ਨੇ ਪਰ ਹਕੀਕੀ ਜਾਮਾ ਪੁਆਉਣਾ ਨਹੀਂ ਆਉਂਦਾ। ਜੇ ਉਹ ਕਲਾ ਤੇ ਕਲਾਕਾਰਾਂ ਪ੍ਰਤੀ ਸੁਹਿਰਦ ਹੋਣ ਤਾਂ ਸੋਨੀਆ ਵਰਗੀਆਂ ਨਾਮਚੀਨ ਕਲਾਕਾਰਾਂ ਨੂੰ ਲੋਕਾਂ ਦੀਆਂ ਮੁਥਾਜ ਨਾ ਹੋਣਾ ਪਵੇ।

ਸੁਰਿੰਦਰ ਸੋਨੀਆ ਦਾ ਅੰਦਰਾ ਕੁਰੇਦਿਆਂ ਉਹ-ਉਹ ਹਕੀਕਤਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਬਾਰੇ ਸ਼ਾਇਦ ਕਿਸੇ ਨੂੰ ਵੀ ਨਹੀਂ ਪਤਾ। ਵਿੱਚੋ-ਵਿੱਚ ਉਹ ਕਹਿ ਛੱਡਦੀ ਹੈ, 'ਹੁਣ ਮੈਨੂੰ ਮੌਤ ਵੀ ਆ ਜਾਵੇ ਤਾਂ ਕੋਈ ਪ੍ਰਵਾਹ ਨਹੀਂ, ਇਸ ਤਰ੍ਹਾਂ ਜਿਉਂ ਕੇ ਵੀ ਕੀ ਫ਼ਾਇਦਾ?' ਉਸ ਦੀ ਗਾਇਕੀ ਦੀ ਗੱਲ ਛੇੜਨ ਤੋਂ ਪਹਿਲਾਂ ਜਿਹੜਾ ਪੱਖ ਦੱਸਣਾ ਬਣਦਾ ਹੈ, ਉਹ ਇਹ ਕਿ ਜਦੋਂ ਉਸਦੀ ਤੂਤੀ ਬੋਲਦੀ ਸੀ, ਉਦੋਂ ਉਸ ਨੇ ਆਉਣ ਵਾਲੇ ਸਮੇਂ ਦੀ ਪ੍ਰਵਾਹ ਨਾ ਕੀਤੀ ਤੇ ਜਦੋਂ ਉਹ ਅਵੇਸਲੀ ਜਿਹੀ ਹੋ ਗਈ ਤਾਂ ਲੁਕੇ ਬੈਠੇ ਵਿਰੋਧੀਆਂ ਨੇ ਇਕਦਮ ਫ਼ਨ ਚੁੱਕ ਲਿਆ। ਸੋਨੀਆ ਨਾਂ ਲੈ-ਲੈ ਕੇ ਦੱਸਦੀ ਹੈ ਕਿ ਫ਼ਲਾਣਿਆਂ-ਫ਼ਲਾਣਿਆਂ ਨੇ ਮੇਰੀਆਂ ਜੜ੍ਹਾਂ ਵਿੱਚ ਤੇਲ ਚੋਇਆ। ਉਸ ਨੂੰ ਸਭ ਪਤਾ ਹੈ ਕਿ ਮਹਾਂਪੁਰਸ਼ਾਂ ਵਰਗਾ ਜੀਵਨ ਜਿਊਣ ਵਾਲੇ ਫ਼ਲਾਣੇ-ਫ਼ਲਾਣੇ ਗਾਇਕ ਅੰਦਰੋਂ ਕੀ ਨੇ ਤੇ ਸੱਭਿਆਚਾਰ ਦੇ ਰਖਵਾਲਿਆਂ ਦੇ ਅੰਦਰੇ ਕਿਹੋ ਜਿਹੇ ਨੇ?

ਸੋਨੀਆ ਨਹੀਂ ਚਾਹੁੰਦੀ ਕਿ ਲੋਕਾਂ ਅੱਗੇ ਉਹ ਗੱਲਾਂ ਨਸ਼ਰ ਹੋਣ, ਜਿਨ੍ਹਾਂ ਬਾਰੇ ਹਾਲੇ ਤੱਕ ਭੇਦ ਬਣਿਆ ਹੋਇਆ ਹੈ। ਗੱਲਾਂ ਕਰਦੀ ਉਹ ਫਾਹਾ ਜਿਹਾ ਵੱਢ ਛੱਡਦੀ ਹੈ। ਵਾਰ-ਵਾਰ ਉਹ ਕਹਿੰਦੀ ਹੈ, 'ਮਾੜਾ-ਮੋਟਾ ਜੋ ਪੁੱਛਣੈ ਪੁੱਛ ਲਵੋ, ਵੈਸੇ ਮੇਰੇ ਬਾਰੇ ਸਾਰਾ ਕੁੱਝ ਲੋਕਾਂ ਨੂੰ ਪਤਾ ਹੀ ਹੈ, ਤੁਸੀਂ ਕਿਸੇ ਨਾਲ ਵੀ ਗੱਲ ਕਰ ਲਿਓ।' 'ਲੋਕਾਂ ਕੋਲੋਂ ਪੁੱਛ ਲਵੋ' ਵਾਲੀ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਦਾ ਅੱਜ ਤੇ ਕੱਲ੍ਹ ਜਗ ਜ਼ਾਹਰ ਹੈ। ਲੋਕ ਦੱਸਦੇ ਨੇ ਕਿ ਸੋਨੀਆ ਦੀ ਅਵਾਜ਼ ਜਾਦੂਮਈ ਸੀ ਪਰ ਉਹ ਭੋਲੇਪਣ ਵਿੱਚ ਰਹਿ ਗਈ ਤੇ ਸਾਜ਼ਿਸ਼ਾਂ ਦੀ ਸ਼ਿਕਾਰ ਹੁੰਦੀ ਰਹੀ। ਜਿਹੜੇ ਕਲਾਕਾਰਾਂ ਨਾਲ ਉਸ ਨੇ ਗਾਇਆ, ਹੁਣ ਉਹ ਉਸ ਦੀ ਸ਼ਕਲ ਦੇਖਣੀ ਪਸੰਦ ਨਹੀਂ ਕਰਦੇ ਕਿਉਂਕਿ ਉਹ ਉਸ ਨੂੰ 'ਮੱਖੀ' ਆਖ ਕੇ ਪਾਸਾ ਵੱਟ ਜਾਂਦੇ ਨੇ। ਜਿਹੜੀ ਸੋਨੀਆ ਦਾ ਦਾਇਰਾ ਕਦੇ ਪੂਰੀ ਦੁਨੀਆ ਵਿੱਚ ਸੀ, ਅੱਜ ਉਹ ਕੰਧਾਂ ਦੀ ਚਾਰਦੀਵਾਰੀ ਤੱਕ ਸਿਮਟ ਕੇ ਰਹਿ ਗਈ ਹੈ। ਉਹ ਮਾੜਾ-ਮੋਟਾ ਗਲੀ-ਮੁਹੱਲੇ ਜਾ ਆਉਂਦੀ ਹੈ ਤੇ ਉਸ ਨੂੰ ਦੇਖ ਕੇ ਇਜ ਬਿਲਕੁਲ ਨਹੀਂ ਜਾਪਦਾ ਕਿ ਇਹ ਔਰਤ ਕਿਸੇ ਵੇਲੇ ਚੋਟੀ ਦੀ ਗਾਇਕਾ ਰਹੀ ਹੋਵੇਗੀ। ਉਸ ਦੇ ਨਿਆਣੇ ਉਸ ਨਾਲੋਂ ਵੱਖਰੇ ਰਹਿੰਦੇ ਨੇ ਤੇ ਆਪ ਉਹ ਆਪਣੀ ਛੋਟੀ ਭੈਣ ਦੇ ਘਰ ਰਹਿੰਦੀ ਹੈ। ਕਮਾਈ ਦਾ ਉਸ ਦਾ ਆਪਣਾ ਕੋਈ ਸਾਧਨ ਨਹੀਂ। ਉਸ ਦੀ ਭਾਣਜੀ ਡਿੰਪਲ ਪ੍ਰੋਗਰਾਮਾਂ 'ਚ ਡਾਂਸ ਕਰਦੀ ਹੈ ਤੇ ਉਸੇ ਦੀ ਮਿਹਨਤ ਨਾਲ ਘਰ ਦੇ ਖਰਚੇ ਤੁਰਦੇ ਨੇ।

ਸੋਨੀਆ ਦੀ ਪਛਾਣ ਕਿਸ ਹੱਦ ਤੱਕ ਖਤਮ ਹੋ ਚੁੱਕੀ ਹੈ, ਇਸ ਦੀ ਉਦਾਹਰਣ ਇੱਥੋਂ ਵੀ ਮਿਲ ਜਾਂਦੀ ਹੈ ਕਿ ਲੁਧਿਆਣੇ ਦੇ ਜਿਹੜੇ 'ਹਿੰਮਤ ਨਗਰ' ਵਿੱਚ ਉਹ ਭੈਣ ਦੇ ਘਰ ਰਹਿੰਦੀ ਹੈ, ਉਸ ਦੀ ਕਿਸੇ ਵੀ ਗਲੀ ਦੇ ਕਿਸੇ ਵੀ ਪਰਿਵਾਰ ਨੂੰ ਇਹ ਨਹੀਂ ਪਤਾ ਕਿ ਇੱਥੇ ਸੋਨੀਆ ਨਾਂ ਦੀ ਕੋਈ ਔਰਤ ਰਹਿੰਦੀ ਹੈ। ਇੱਥੋਂ ਤੱਕ ਕਿ ਉਨ੍ਹਾਂ ਦੇ ਘਰ ਤੋਂ ਚਾਰ ਕਦਮ ਦੂਰ ਰਹਿੰਦਾ ਪਰਿਵਾਰ ਵੀ ਆਖਦਾ ਹੈ, 'ਕੌਣ ਸੋਨੀਆ, ਇੱਥੇ ਤਾਂ ਕੋਈ ਗਾਉਣ ਵਾਲੀ ਨਹੀਂ ਰਹਿੰਦੀ।'

ਸੁਰਿੰਦਰ ਕੌਰ ਕੋਹਲੀ ਤੋਂ ਸੁਰਿੰਦਰ ਸੋਨੀਆ ਬਣੀ ਇਸ ਗਾਇਕਾ ਦੀ ਜ਼ਿੰਦਗੀ ਸੰਘਰਸ਼ ਦੀ ਮੂੰਹ ਬੋਲਦੀ ਤਸਵੀਰ ਹੈ। ਜੇ ਕੋਈ ਛੋਟੇ ਜੇਰੇ ਵਾਲੀ ਔਰਤ ਹੁੰਦੀ ਤਾਂ ਬੇਹੱਦ ਚੰਗੇ ਦਿਨਾਂ ਤੋਂ ਬਾਅਦ ਇਕਦਮ ਏਨੇ ਮਾੜੇ ਦਿਨ ਆਉਣ 'ਤੇ ਸ਼ਾਇਦ ਕਈ ਕੁੱਝ ਕਰ ਬੈਠਦੀ। ਪਰ ਸੋਨੀਆ ਹਾਲੇ ਵੀ ਗਾਉਣ ਦੀ ਇੱਛਾ ਰੱਖਦੀ ਹੈ, ਇਹ ਜਾਣਨ ਦੇ ਬਾਵਜੂਦ ਕਿ ਅੱਜ ਦੀ ਗਾਇਕੀ ਤੀਹ-ਪੈਂਤੀ ਸਾਲ ਪਹਿਲਾਂ ਨਾਲੋਂ ਢੇਰ ਭਿੰਨ ਹੈ। ਹੁਣ ਸੋਨੀਆ ਦੀ ਜ਼ਿੰਦਗੀ ਦਾ ਸਟਾਈਲ ਬਦਲ ਚੁੱਕਾ ਹੈ। ਉਹ ਭਾਂਪ ਗਈ ਹੈ ਕਿ ਮਾੜਾ ਕਰਨ ਵਾਲਿਆਂ ਨੂੰ ਜੇ ਵਾਰ-ਵਾਰ ਮਾੜਾ ਆਖੀ ਗਈ ਤਾਂ ਕੋਈ ਫ਼ਰਕ ਨਹੀਂ ਪੈਣ ਲੱਗਾ।

ਸੁਰਿੰਦਰ ਸੋਨੀਆ ਦਾ ਜਨਮ 1946 ਵਿੱਚ ਪਾਕਿਸਤਾਨ ਵਿੱਚ ਹੋਇਆ। ਜਨਮ ਵਾਲੀ ਤਰੀਕ ਉਸ ਨੂੰ ਪੱਕੀ ਯਾਦ ਨਹੀਂ। ਵੰਡ ਤੋਂ ਬਾਅਦ ਪੂਰਾ ਪਰਿਵਾਰ ਲੁਧਿਆਣੇ ਆ ਕੇ ਵਸ ਗਿਆ ਅਤੇ ਰੋਟੀ ਦੇ ਜੁਗਾੜ ਲਈ ਆਹਰ ਕਰਨ ਲੱਗਾ। ਘਰਦਿਆਂ ਉਸ ਦਾ ਨਾਂ ਸੁਰਿੰਦਰ ਕੌਰ ਰੱਖਿਆ ਅਤੇ ਪਰਿਵਾਰ ਦਾ ਕੋਈ ਵੀ ਮੈਂਬਰ ਗਾਉਂਦਾ ਨਹੀਂ ਸੀ। ਹਾਂ, ਪਿਤਾ ਜੀ ਕੇਸਰ ਸਿੰਘ ਕੋਹਲੀ ਥੋੜ੍ਹੀਆਂ ਸੰਗੀਤਕ ਰੁਚੀਆਂ ਰੱਖਦੇ ਸਨ ਤੇ ਹਰਮੋਨੀਅਮ ਵਜਾਉਣ ਵਿੱਚ ਮਾਹਿਰ ਸਨ। ਪਿਤਾ ਜੀ ਦੀਆਂ ਇਹੀ ਰੁਚੀਆਂ ਸੁਰਿੰਦਰ ਦੀ ਗਾਇਕੀ ਦੇ ਅਗਾਜ਼ ਦਾ ਮੁੱਢ ਬਣੀਆਂ। ਉਹ ਗੁਰਦੁਆਰੇ, ਮੰਦਰ ਜਾਂਦੀ ਤੇ ਸ਼ਬਦ ਗਾਉਂਦੀ। ਸਕੂਲ ਵਿੱਚ ਨਿਆਣਿਆਂ ਦੇ ਪ੍ਰੋਗਰਾਮਾਂ ਵਿੱਚ ਛੋਟੀ-ਮੋਟੀ ਕਵਿਤਾ ਪੇਸ਼ ਕਰ ਛੱਡਦੀ। ਹੌਲੀ-ਹੌਲੀ ਉਸ ਨੂੰ ਗਾਉਣ ਦਾ ਸ਼ੌਕ ਵਧਦਾ ਗਿਆ ਪਰ ਪਰਿਵਾਰਕ ਮੈਂਬਰ ਉਸ ਨੂੰ ਇੱਕ ਲੀਹ ਤੋਂ ਅੱਗੇ ਨਹੀਂ ਸਨ ਜਾਣ ਦਿੰਦੇ। ਟੱਬਰ ਇਸ ਖੇਤਰ ਨੂੰ ਬਹੁਤਾ ਚੰਗਾ ਨਹੀਂ ਸੀ ਸਮਝਦਾ ਤੇ ਉਨ੍ਹਾਂ ਉਸ ਦੇ ਖੁੱਲ੍ਹ ਕੇ ਗਾਉਣ ਅਤੇ ਪ੍ਰੋਗਰਾਮਾਂ 'ਤੇ ਜਾਣ ਉੱਤੇ ਪਾਬੰਦੀ ਲਾਈ ਰੱਖੀ।

ਸੁਰਿੰਦਰ ਸੋਨੀਆ ਦੀ ਗਾਇਕੀ ਦੀ ਅਸਲ ਸ਼ੁਰੂਆਤ ਵਿਆਹ ਤੋਂ ਬਾਅਦ ਹੋਈ। ਉਸ ਦਾ ਵਿਆਹ ਕਸ਼ਮੀਰੀ ਲਾਲ ਨਾਲ ਹੋ ਗਿਆ, ਜਿਸ ਨੂੰ ਗਾਇਕੀ ਨਾਲ ਖਾਸਾ ਮੋਹ ਸੀ। ਕਸ਼ਮੀਰੀ ਨਾਲ ਵਿਆਹ ਤੋਂ ਬਾਅਦ ਹੀ ਉਹ ਸੁਰਿੰਦਰ ਕੌਰ ਤੋਂ ਸੁਰਿੰਦਰ ਸੋਨੀਆ ਬਣੀ ਕਿਉਂਕਿ ਸਹੁਰੇ ਪਰਿਵਾਰ ਦਾ ਗੋਤ 'ਸੋਨੀ' ਸੀ। ਸੋਨੀਆ ਨੇ ਗਾਇਕੀ ਵਿੱਚ ਸੰਤ ਰਾਮ ਖੀਵਾ ਨੂੰ ਉਸਤਾਦ ਧਾਰਿਆ। ਉਨ੍ਹਾਂ ਨਾਲ ਮੇਲ ਬਾਰੇ ਉਹ ਦੱਸਦੀ ਹੈ, 'ਇੱਕ ਵਾਰ ਅਸੀਂ ਗਾਇਕ ਪ੍ਰਕਾਸ਼ ਸੋਢੀ ਦੇ ਘਰ ਬੈਠੇ ਸਾਂ, ਉਥੇ ਖੀਵਾ ਜੀ ਵੀ ਆਏ ਹੋਏ ਸਨ, ਉਹ ਸੰਗੀਤ ਦੇ ਮਾਹਿਰ ਸਨ, ਉਨ੍ਹਾਂ ਮੈਨੂੰ ਦੋਗਾਣਿਆਂ ਬਾਰੇ ਕਈ ਗੱਲਾਂ ਸਮਝਾਈਆਂ, ਮੈਨੂੰ ਗੱਲਾਂ ਚੰਗੀਆਂ ਲੱਗੀਆਂ ਤੇ ਮੈਂ ਉਨ੍ਹਾਂ ਨੂੰ ਉਸਤਾਦ ਧਾਰ ਲਿਆ।' ਸੋਨੀਆ ਨੇ ਸਵਰਨ ਲਤਾ ਤੋਂ ਵੀ ਗਾਇਕੀ ਦੇ ਗੁਰ ਸਿੱਖੇ ਤੇ ਉਸਤਾਦ ਜਸਵੰਤ ਸਿੰਘ ਭੰਵਰਾ ਕੋਲੋਂ ਵੀ। ਸਵਰਨ ਲਤਾ ਦਾ ਵਾਰ-ਵਾਰ ਜ਼ਿਕਰ ਕਰਦਿਆਂ ਉਹ ਆਖਦੀ ਹੈ, 'ਉਨ੍ਹਾਂ ਕਰਕੇ ਹੀ ਮੈਂ ਉਨ੍ਹੀਂ ਦਿਨੀਂ ਕਨੇਡਾ ਤੇ ਇੰਗਲੈਂਡ ਗਈ ਸਾਂ, ਉਨ੍ਹਾਂ ਮੈਨੂੰ ਆਪਣੇ ਗਰੁੱਪ ਵਿੱਚ ਸ਼ਾਮਿਲ ਕਰ ਲਿਆ ਸੀ।'

ਸੁਰਿੰਦਰ ਸੋਨੀਆ ਦਾ ਪਹਿਲਾ ਗੀਤ ਪੰਜਾਬੀ ਫ਼ਿਲਮ 'ਤੇਰੀ ਮੇਰੀ ਇੱਕ ਜਿੰਦੜੀ' ਵਿੱਚ ਰਿਕਾਰਡ ਹੋਇਆ। ਗੀਤ ਦੇ ਬੋਲ ਸਨ, 'ਪਿਆਰ ਇੰਜ ਪਾਈਦਾ ਨੀਂ ਪਿਆਰ ਇੰਜ ਪਾਈਦਾ।' ਇਹ ਗੀਤ ਉਸ ਨੇ ਨਰਿੰਦਰ ਬੀਬਾ ਨਾਲ ਮਿਲ ਕੇ ਗਾਇਆ ਸੀ ਤੇ ਇਸ ਨੂੰ ਚੰਗਾ ਹੁੰਗਾਰਾ ਮਿਲਿਆ। ਬੀਬਾ ਜੀ ਨਾਲ ਸੋਨੀਆ ਦਾ ਮੇਲ-ਜੋਲ ਕਾਫੀ ਵਧ ਗਿਆ ਸੀ ਤੇ ਉਹੀ ਉਸ ਨੂੰ ਫ਼ਿਲਮ 'ਚ ਗਵਾਉਣ ਲਈ ਮੁੰਬਈ ਲੈ ਕੇ ਗਏ। ਇਹ ਗੱਲਾਂ 1972-73 ਦੀਆਂ ਹੋਣਗੀਆਂ ਤੇ ਉਨ੍ਹਾਂ ਦਿਨਾਂ ਵਿੱਚ ਉਸ ਦੇ ਬੀਬਾ ਨਾਲ ਕਈ ਰਿਕਾਰਡ ਮਾਰਕੀਟ ਵਿੱਚ ਆਏ, ਜਿਨ੍ਹਾਂ ਵਿਚਲੇ ਗੀਤ 'ਤੇਰੇ ਵਿਆਹ 'ਤੇ ਭੈਣਾਂ ਜਾਈ ਵੀਰਨਾ, ਲੱਖ-ਲੱਖ ਤੈਨੂੰ ਵੇ ਵਧਾਈ ਵੀਰਨਾ', 'ਛੜਾ ਜੇਠ ਨਾ ਹੋਵੇ ਕਿਸੇ ਨਾਰ ਦਾ ਨੀਂ ਰਹਿੰਦਾ ਹਰ ਵੇਲੇ ਝਾਤੀਆਂ ਮਾਰਦਾ ਨੀਂ', 'ਵਿਸਾਖੀ ਦਾ ਮੇਲਾ' ਤੇ 'ਉਪੇਰਾ ਹੀਰ' ਮਕਬੂਲ ਹੋਏ।

ਉਸ ਤੋਂ ਬਾਅਦ ਸੁਰਿੰਦਰ ਸੋਨੀਆ ਨੇ ਸੁਰਿੰਦਰ ਛਿੰਦਾ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਪੰਜ ਸਾਲ ਦੋਹਾਂ ਦੀ ਜੋੜੀ ਨੇ ਧੁੰਮਾਂ ਪਾਈ ਰੱਖੀਆਂ। ਦੋਹਾਂ ਦੀ ਅਵਾਜ਼ ਵਿੱਚ ਪੰਜ-ਛੇ ਰਿਕਾਰਡ ਆਏ, ਜਿਨ੍ਹਾਂ ਵਿਚਲੇ ਤਕਰੀਬਨ ਸਾਰੇ ਗੀਤ ਲੋਕ ਬੁੱਲ੍ਹਾਂ 'ਤੇ ਚੜ੍ਹਨ ਵਿੱਚ ਕਾਮਯਾਬ ਹੋਏ। 'ਐਚ.ਐਮ.ਵੀ. ਨਾਈਟ' ਵਿੱਚ ਛਿੰਦੇ ਤੇ ਸੋਨੀਆ ਦੀ ਅਵਾਜ਼ ਵਾਲਾ ਗੀਤ 'ਬੋਲੇ ਚਿਮਟਾ ਸਾਧ ਦੇ ਡੇਰੇ' ਉਨ੍ਹੀਂ ਦਿਨੀਂ ਖ਼ੂਬ ਚੱਲਿਆ। ਦੋਹਾਂ ਦੇ ਹੋਰ ਹਿੱਟ ਗੀਤਾਂ ਵਿੱਚ 'ਨੀਂ ਮੈਂ ਕੀ ਕਰਾਂ ਕਰਤਾਰੋ ਗੱਡੀ ਛੇ ਸਿਲੰਡਰ ਦੀ', 'ਹਾਏ ਜੇਠਾ ਡੁੱਬ ਜਾਣੀਂ ਦਿਆ ਲਾਲ ਦਦੇਹੀਆ ਲੜ ਵੇ ਗਿਆ', 'ਨੀਂ ਮੈਂ ਡਿੱਗੀ ਤਿਲਕ ਕੇ ਛੜੇ ਜੇਠ ਨੇ ਚੱਕੀ', 'ਵੇ ਸ਼ਰਾਬੀਆ ਪੇਕੇ ਤੁਰ ਜਾਊ ਤੇਰੀ ਨਾਰ', 'ਦੇ ਗਿਆ ਨੀਂ ਡੁੱਬ ਜਾਣੀ ਦਾ ਜੇਠ ਗੁੱਗਲ ਦੀ ਧੂਣੀ', 'ਪੇਕੇ ਛੱਡ ਜਾਹ ਵੇ ਮੁੰਡਿਆ ਕੁੜੀ ਨੂੰ ਦਿਨ ਚਾਰ', 'ਪਾਵੇ-ਪਾਵੇ-ਪਾਵੇ ਉੱਡਦੀ ਧੂੜ ਦਿਸੇ ਬੋਤਾ ਯਾਰ ਦਾ ਨਜ਼ਰ ਨਾ ਆਵੇ', 'ਪੱਟੂਆ ਵੇ ਤੂੰ ਪੱਟਤੀ, ਪੱਟਤੀ ਅੱਲੜ੍ਹ ਮੁਟਿਆਰ', 'ਚੀਰੇ ਵਾਲਿਆ ਤੇਰੇ ਵੇ ਰੰਗ ਵਰਗੀਆਂ ਬਾਗਾਂ 'ਚ ਸੰਧੂਰੀ ਅੰਬੀਆਂ', 'ਮਰਜਾਣਿਆ ਬਾਬਾ ਮਣਕੇ ਤੇ ਮਣਕਾ ਧਰਿਆ ਕਰ', 'ਦੁੱਧ ਵਾਂਗੂੰ ਤੂੰ ਫਟ ਗਈ ਬਿਨਾਂ ਜਾਗ ਤੋਂ ਪਤਲੀਏ ਨਾਰ', 'ਰੁਲੇਂਗਾ ਸਿਆਲ ਵਿੱਚ ਕੱਲਾ ਮੁੰਡਿਆ' ਤੇ 'ਵੇ ਝਾਂਜਰਾਂ ਘੜਾ ਦੇ ਮਿੱਤਰਾ ਤੇਰੇ ਦਰਾਂ ਮੂਹਰੇ ਆ ਕੇ ਛਣਕਾਵਾਂ' ਸ਼ਾਮਿਲ ਹਨ। ਹਰ ਪ੍ਰੋਗਰਾਮ 'ਤੇ ਸ਼ਿੰਦਾ ਤੇ ਸੋਨੀਆ ਛਾਅ ਜਾਂਦੇ ਤੇ ਸਰੋਤੇ ਵਾਰ- ਵਾਰ ਇਨ੍ਹਾਂ ਗੀਤਾਂ ਨੂੰ ਸੁਣਨ ਦੀ ਫ਼ਰਮਾਇਸ਼ ਕਰਦੇ। ਉਨ੍ਹੀਂ ਦਿਨੀਂ ਅਮਰ ਸਿੰਘ ਚਮਕੀਲਾ ਮੁੱਛ ਫੁੱਟ ਗੱਭਰੂ ਸੀ ਤੇ ਸ਼ਿੰਦੇ-ਸੋਨੀਆ ਨਾਲ ਪ੍ਰੋਗਰਾਮਾਂ 'ਤੇ ਜਾਂਦਾ ਸੀ। ਵਿੱਚ-ਵਿਚਾਲੇ ਕਦੇ-ਕਦਾਈਂ ਉਹ ਇੱਕ-ਅੱਧ ਗੀਤ ਗਾ ਛੱਡਦਾ ਪਰ ਉਸ ਦੀ ਮੁੱਖ ਡਿਊਟੀ ਹਰਮੋਨੀਅਮ ਜਾਂ ਤੂੰਬੀ ਵਜਾਉਣੀ ਹੁੰਦੀ। ਕਿਸੇ ਗੱਲੋਂ ਸੋਨੀਆ ਦੀ ਸ਼ਿੰਦੇ ਨਾਲ ਵਿਗੜ ਗਈ ਤੇ ਉਸ ਨੇ ਚਮਕੀਲੇ ਨਾਲ ਜੋੜੀ ਬਣਾ ਲਈ। ਚਮਕੀਲਾ ਉਦੋਂ ਗਾਇਕੀ 'ਚ ਉੱਭਰਨ ਲਈ ਯਤਨ ਕਰ ਰਿਹਾ ਸੀ ਤੇ ਸੋਨੀਆ ਦੀ ਪੂਰੀ ਚੜ੍ਹਤ ਸੀ। ਸੋਨੀਆ ਨੇ ਚਮਕੀਲੇ ਨੂੰ ਪ੍ਰੋਗਰਾਮਾਂ 'ਤੇ ਲਿਜਾਣਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿੱਚ ਤਾਂ ਦੋਹਾਂ ਨੂੰ ਕਾਫੀ ਦਿੱਕਤਾਂ ਆਈਆਂ ਪਰ ਹੌਲੀ-ਹੌਲੀ ਸਭ ਠੀਕ ਹੋ ਗਿਆ। ਸੋਨੀਆ ਤੇ ਚਮਕੀਲੇ ਦੀ ਅਵਾਜ਼ ਵਿੱਚ ਆਏ ਪਹਿਲੇ ਰਿਕਾਰਡ 'ਟਕੂਏ 'ਤੇ ਟਕੂਆ ਖੜਕੇ' ਨੇ ਉਨ੍ਹੀਂ ਦਿਨੀਂ ਏਨਾ ਵੱਡਾ ਮਾਅਰਕਾ ਮਾਰਿਆ ਕਿ ਗਾਇਕੀ ਦੇ ਕਈ ਧੁਰੰਤਰਾਂ ਨੂੰ ਭਵਿੱਖ ਦਾ ਫ਼ਿਕਰ ਪੈ ਗਿਆ। ਉਹ ਸੋਨੀਆ ਤੇ ਚਮਕੀਲੇ ਦਾ ਸੈੱਟ ਟੁੱਟਣ ਦਾ ਇੰਤਜ਼ਾਰ ਕਰਨ ਲੱਗੇ। ਬੜੀਆਂ ਸਾਜ਼ਿਸ਼ਾਂ ਰਚੀਆਂ ਗਈਆਂ, ਇੱਕ-ਦੂਜੇ ਦੇ ਕੰਨ ਭਰੇ ਗਏ, ਚੰਗੀਆਂ-ਮੰਦੀਆਂ ਗੱਲਾਂ ਇੱਕ-ਦੂਜੇ ਤੱਕ ਪੁਚਾਈਆਂ ਤੇ ਅਖੀਰ ਤਿੰਨ ਕੁ ਸਾਲ ਬਾਅਦ ਵਿਰੋਧੀ ਧਿਰਾਂ ਦੋਹਾਂ ਨੂੰ ਵੱਖਰਾ ਕਰਨ ਵਿੱਚ ਕਾਮਯਾਬ ਹੋ ਗਈਆਂ। ਜਦੋਂ ਦੋਹਾਂ ਦੀ ਜੋੜੀ ਟੁੱਟ ਗਈ ਤਾਂ ਸਮਕਾਲੀ ਗਾਇਕਾਂ ਨੂੰ ਸੁੱਖ ਦਾ ਸਾਹ ਆਇਆ ਕਿਉਂਕਿ ਇਨ੍ਹਾਂ ਦੋਹਾਂ ਦੀ ਚੜ੍ਹਤ ਕਾਰਨ ਉਨ੍ਹਾਂ ਦੀ ਹਾਲਤ ਮੱਖੀਆਂ ਮਾਰਨ ਵਾਲੀ ਹੋ ਗਈ ਸੀ। ਉਨ੍ਹਾਂ ਦਿਨਾਂ ਦੇ ਜਾਣਕਾਰ ਦੱਸਦੇ ਹਨ ਕਿ ਕਈ ਕਲਾਕਾਰਾਂ ਨੇ ਤਾਂ ਇਹ ਸੋਚ ਲਿਆ ਸੀ ਕਿ ਹੁਣ ਸਾਡੇ ਗਾਉਣ ਦਾ ਕੀ ਫ਼ਾਇਦਾ ਕਿਉਂਕਿ ਜਿੰਨੀ ਦੇਰ ਚਮਕੀਲਾ ਤੇ ਸੋਨੀਆ ਦੇ ਰਿਕਾਰਡ ਆਉਂਦੇ ਰਹਿਣਗੇ, ਓਨੀ ਦੇਰ ਸਾਡੀ ਤਾਂ ਫੱਟੀ ਪੋਚੀ ਹੀ ਰਹਿਣੀ ਹੈ। ਸੋਨੀਆ ਤੇ ਚਮਕੀਲੇ ਦੀ ਅਵਾਜ਼ ਵਿੱਚ ਆਏ ਗੀਤ 'ਭੱਜ ਜਾਹ ਵੇ ਮਿੱਤਰਾ ਟਕੂਏ 'ਤੇ ਟਕੂਆ ਖੜਕੇ', 'ਆਟੇ ਵਾਂਗੂੰ ਗੁੰਨਤੀ ਬਗਾਨੇ ਪੁੱਤ ਨੇ', 'ਸੰਤਾਂ ਨੇ ਪਾਈ ਫੇਰੀ ਰਹੇ ਵੱਸਦੀ ਨਗਰੀ ਤੇਰੀ', 'ਭਾਬੀਏ ਭੈਣ ਤੇਰੀ ਨਾਲ ਦਿਉਰ ਤੇਰਾ ਕਦੋਂ ਖੇਡੂ ਕੰਗਣਾ ਨੀਂ', 'ਕੁੜਤੀ ਸੱਤ ਰੰਗ ਦੀ ਵਿਚ ਘੁੱਗੀਆਂ-ਗਟਾਰਾਂ ਪਾਈਆਂ', 'ਛੱਤੀਆਂ ਪਿੰਡਾਂ 'ਚ ਮੇਰੀ ਬੜੀ ਠਾਠ ਨੀਂ, ਬੁੱਢੜਾ ਨਾ ਜਾਣੀਂ ਪੱਟਦੂੰ ਚਗਾਠ ਨੀਂ', 'ਵੈਲੀ ਨਾ ਕਿਸੇ ਕੁੜੀ ਦਾ ਹੋਵੇ ਘਰਵਾਲਾ ਨੀਂ' ਤੇ 'ਬਾਪੂ ਸਾਡਾ ਗੁੰਮ ਹੋ ਗਿਆ' ਅੱਜ ਵੀ ਹਰ ਪੰਜਾਬੀ ਨੂੰ ਚੇਤੇ ਹਨ। ਜਦੋਂ ਸੋਨੀਆ ਨੂੰ ਪੁੱਛੀਦੈ ਕਿ ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਤੁਹਾਨੂੰ 'ਆਟੇ ਵਾਂਗੂੰ...' ਤੇ 'ਮਾਂ ਦੀ ਤਲਾਸ਼ੀ' ਵਰਗੇ ਗੀਤਾਂ ਤੋਂ ਝੇਪ ਜਿਹੀ ਆਉਂਦੀ ਹੈ ਕਿ ਨਹੀਂ? ਤਾਂ ਉਹ ਆਖਦੀ ਹੈ, 'ਗਾਉਣ ਵਾਲਿਆਂ ਦੀ ਸਾਹ ਰਗ ਉਦੋਂ ਕੰਪਨੀ ਹੱਥ ਹੁੰਦੀ ਸੀ। ਉਨ੍ਹਾਂ ਗਾਇਕਾਂ ਨੂੰ ਵੀ ਪੈਸੇ ਦੇਣੇ ਹੁੰਦੇ ਸਨ, ਗੀਤਕਾਰ ਨੂੰ ਵੀ ਤੇ ਸੰਗੀਤਕਾਰ ਨੂੰ ਵੀ। ਸੋ ਉਹੀ ਚੀਜ਼ ਰਿਕਾਰਡ ਹੁੰਦੀ ਸੀ ਜੀਹਦਾ ਮਾਰਕੀਟ ਮੁੱਲ ਚੋਖਾ ਹੋਵੇ। ਇਹ ਸਾਰੇ ਗੀਤ ਕੰਪਨੀ ਦੀ ਮੰਗ ਸਨ, ਨਾਲੇ ਉਦੋਂ ਚੱਲਦੇ ਹੀ ਇਹੋ ਜਿਹੇ ਗੀਤ ਸਨ। ਉਨ੍ਹਾਂ ਦਿਨਾਂ ਵਿੱਚ ਇੱਕ ਵੀ ਅਜਿਹਾ ਗਾਇਕ ਨਹੀਂ ਸੀ, ਜਿਸ ਨੇ ਮਾਹੌਲ ਮੁਤਾਬਕ ਨਾ ਗਾਇਆ ਹੋਵੇ।' ਸੋਨੀਆ ਮੁਤਾਬਕ, 'ਇੱਕ ਵਾਰ ਮੈਂ ਤੇ ਚਮਕੀਲੇ ਨੇ ਕੰਪਨੀ ਵਾਲਿਆਂ ਨੂੰ ਆਖਿਆ, 'ਸਾਥੋਂ ਇਹੋ ਜਿਹੇ ਗੀਤ ਨਾ ਗਵਾਇਆ ਕਰੋ' ਤਾਂ ਉਨ੍ਹਾਂ ਜਵਾਬ ਦਿੱਤਾ, 'ਜਿਹੜੀ ਚੀਜ਼ ਲੋਕ ਸੁਣਦੇ ਨੇ ਅਸੀਂ ਤਾਂ ਉਹੀ ਸੁਣਾਉਣੀ ਐ, ਏਸ ਕਰਕੇ ਲੋਕਾਂ ਮੁਤਾਬਕ ਗਾਓ।'

ਸੋਨੀਆ ਚਮਕੀਲੇ ਦੀ ਗਾਇਕੀ ਨੂੰ ਮਾੜਾ ਨਹੀਂ ਮੰਨਦੀ। ਉਹ ਆਖਦੀ ਹੈ, 'ਸਾਡੇ ਵਿਰਸੇ ਦੇ ਅੰਗ ਸਿੱਠਣੀਆਂ ਵਿੱਚ ਵੀ ਤਾਂ ਸਭ ਕੁੱਝ ਚੱਲਦਾ ਹੈ, ਚਮਕੀਲਾ ਏਨਾ ਮਾੜਾ ਨਹੀਂ ਸੀ ਗਾਉਂਦਾ, ਜਿੰਨਾ ਕਈਆਂ ਨੇ ਬਣਾ ਦਿੱਤਾ। ਉਹ ਤਾਂ ਮਨੋਰੰਜਨ ਦੇ ਤੌਰ 'ਤੇ ਸਿਰਫ਼ ਸ਼ਬਦ ਹੀ ਵਰਤਦਾ ਸੀ ਪਰ ਹੁਣ ਤਾਂ ਗੀਤ ਦੇ ਨਾਲ ਕੁੜੀ ਦੇ ਸਾਰੇ ਅੰਗ ਦਿਖਾਏ ਜਾਣ ਲੱਗੇ ਹਨ।'

ਤਿੰਨ ਕੁ ਸਾਲ ਬਾਅਦ ਜਦੋਂ ਸੁਰਿੰਦਰ ਸੋਨੀਆ ਤੇ ਅਮਰ ਸਿੰਘ ਚਮਕੀਲਾ ਦਾ ਗਰੁੱਪ ਟੁੱਟ ਗਿਆ ਤਾਂ ਉਸ ਨੇ ਨਜ਼ੀਰ ਮੁਹੰਮਦ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਦੋਹਾਂ ਦੇ ਕਈ ਐਲ.ਪੀ. ਰਿਕਾਰਡ ਮਾਰਕੀਟ ਵਿੱਚ ਆਏ ਤੇ ਸਫ਼ਲ ਹੋਏ। ਇਹ ਸੋਨੀਆ ਦੀ ਕਿਸਮਤ ਦਾ ਤੇਜ਼ ਪ੍ਰਭਾਵ ਹੀ ਸੀ ਕਿ ਉਸ ਨੇ ਜਿਸ ਵੀ ਕਲਾਕਾਰ ਨਾਲ ਗਾਇਆ, ਉਸ ਦੀ ਤੂਤੀ ਬੋਲਣ ਲੱਗ ਗਈ। ਸਾਰੀ ਸੰਗੀਤ ਮਾਰਕੀਟ ਉਸ ਦੀ ਅਵਾਜ਼, ਅੰਦਾਜ਼ ਅਤੇ ਕਿਸਮਤ ਦੀ ਕਦਰ ਕਰਦੀ ਨਹੀਂ ਸੀ ਥੱਕਦੀ। ਨਜ਼ੀਰ ਨਾਲ ਉਸ ਦੀ ਅਵਾਜ਼ ਵਿੱਚ ਆਏ ਗੀਤ 'ਕੱਢਦੀ ਰੁਮਾਲ ਉੱਤੇ ਬੂਟੀਆਂ ਮਿੱਤਰਾਂ ਦਾ ਨਾਂ ਲਿਖ ਕੇ', 'ਦਿਓਰ ਨਾਲ ਮੱਸਿਆ ਗਈ' ਤੇ ਕਈ ਹੋਰ ਵਾਹਵਾ ਸਫ਼ਲ ਰਹੇ। ਨਜ਼ੀਰ ਤੋਂ ਬਾਅਦ ਸੋਨੀਆ ਪਰਮਜੀਤ ਸਲਾਰੀਆ ਨਾਲ ਜੁੜ ਗਈ ਤੇ ਦੋਹਾਂ ਨੇ ਕਈ ਸਾਲ ਮਿਲ ਕੇ ਪ੍ਰੋਗਰਾਮ ਕੀਤੇ। ਸੋਨੀਆ ਇੱਕ ਤੋਂ ਪਿੱਛੋਂ ਦੂਜੇ ਤੇ ਦੂਜੇ ਪਿੱਛੋਂ ਤੀਜੇ ਕਲਾਕਾਰ ਦੇ ਸੰਪਰਕ ਵਿੱਚ ਆਈ, ਜਿਸ ਤੋਂ ਪਤਾ ਲੱਗਦਾ ਹੈ ਕਿ ਚੰਗੀ ਤਕਦੀਰ ਦੇ ਬਾਵਜੂਦ ਲੰਮਾ ਸਮਾਂ ਉਸ ਦੀ ਕਿਸੇ ਨਾਲ ਨਾ ਬਣੀ। ਹੋ ਸਕਦੈ ਕੁੱਝ ਗਲਤੀਆਂ ਸੋਨੀਆ ਦੀਆਂ ਵੀ ਹੋਣ ਪਰ ਇੱਕੜ-ਦੁੱਕੜ ਔਗੁਣਾਂ ਨੂੰ ਪ੍ਰਾਪਤੀਆਂ 'ਤੇ ਭਾਰੂ ਨਹੀਂ ਪਾਇਆ ਜਾ ਸਕਦਾ। ਮਰਦ ਗਾਇਕ ਕਿਉਂਕਿ ਬਾਹਰ-ਅੰਦਰ ਆ ਜਾ ਸਕਦੈ, ਆਪਣੇ ਫ਼ਾਇਦੇ-ਨੁਕਸਾਨ ਬਾਰੇ ਤੁਰ-ਫਿਰ ਕੇ ਜਾਣਕਾਰੀ ਲੈ ਸਕਦੈ, ਇਸ ਕਰਕੇ ਸੋਨੀਆ ਨਾਲ ਗਾਉਣ ਵਾਲੇ ਕਿਸੇ ਵੀ ਗਾਇਕ ਨੂੰ ਜੋੜੀ ਟੁੱਟਣ ਤੋਂ ਬਾਅਦ ਓਨਾ ਨੁਕਸਾਨ ਨਹੀਂ ਹੋਇਆ, ਜਿੰਨਾ ਕਿ ਉਸ ਨੂੰ। ਰੋਟੀ ਅਤੇ ਨਾਂਅ ਖਾਤਰ ਸੋਨੀਆ ਨੇ ਕਈਆਂ ਨਾਲ ਐਗਰੀਮੈਂਟ ਵੀ ਕੀਤੇ ਪਰ ਸਭ ਵਿਅਰਥ ਰਹੇ। ਅੱਜ ਸੋਨੀਆ ਪੱਲੇ ਸਿਵਾਏ ਦੋ-ਢਾਈ ਦਰਜਨ ਚਰਚਿਤ ਗੀਤਾਂ ਦੇ ਹੋਰ ਕੁੱਝ ਨਹੀਂ। (ਬਾਕੀ ਪੰਨਾ 9 'ਤੇ)

# ਕੁਝ ਗਲਤੀਆਂ ਦੀ ਇੰਨੀ ਵੱਡੀ ਸਜ਼ਾ !!

ਭਾਵੇਂ ਅਸੀਂ ਆਪਣੀਆਂ ਗਲਤੀਆਂ ਤੇ ਪਰਦਾ ਪਾਉਣ ਲਈ ,ਅਕਸਰ ਹੀ ਕਹਿੰਦੇ ਹਾਂ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ, ਪਰ ਗਲਤੀਆਂ ਤੋਂ ਸਿੱਖਣ ਦੀ ਕੋਸ਼ਿਸ਼ ਨਹੀਂ ਕਰਦੇ ਤੇ ਬਿੱਲੀ ਨੂੰ ਵੇਖ ਕੇ ਕਬੂਤਰ ਵਾਂਗ ਅੱਖਾਂ ਬੰਦ ਕਰਨ ਵਾਲੀ ਕਹਾਵਤ ਨੂੰ ਸੱਚ ਕਰ ਦਿੰਦੇ ਹਾਂ,ਕਿ ਹੁਣ ਇਹ ਮੈਨੂੰ ਦਿਖਾਈ ਨਹੀਂ ਦੇ ਰਹੀ, ਮੈਨੂੰ ਕਿੱਦਾਂ ਖਾ ਸਕਦੀ ਹੈ,ਪਰ ਕਬੂਤਰ ਨੂੰ ਭਾਂਵੇ ਬਿੱਲੀ ਦਿਖੇ ਨਾ ਦਿਖੇ, ਪਰ ਉਸਨੂੰ ਬਿੱਲੀ ਦੇਖ ਸਕਦੀ ਹੈ ਤੇ ਝਪੱਟਾ ਮਾਰ ਕੇ ਖਾ ਵੀ ਲੈਂਦੀ ਹੈ।

ਸਾਥਿਓ ! ਹਥਲਾ ਵਿਸ਼ਾ ਜਿੰਨਾਂ ਨਾਜ਼ੁਕ ਹੈ,ਉਨਾਂ ਹੀ ਅਹਿਮ ਵੀ ਹੈ।ਇਸਦੀ ਅਹਿਮੀਅਤ ਦੁਗਣੀ ਹੋ ਜਾਂਦੀ ਹੈ, ਜਦੋਂ ਇਸ ਬਾਰੇ ਆਮ ਤੌਰ ਤੇ ਚਰਚਾ ਨਹੀਂ ਹੁੰਦੀ, ਕਿਉਂਕਿ ਇਹ ਇਨਸਾਨ ਦੀ ਨਿੱਜਤਾ ਨਾਲ ਗੂੜ੍ਹਾ ਸੰਬੰਧ ਰੱਖਦਾ ਹੈ।ਸੋ ਕਰਦੇ ਹਾਂ ਇਸ ਵਿਸ਼ੇ ਤੇ ਚਰਚਾ।

ਨਪੁੰਸਕਤਾ:**(Impotency)** ਉਪਰੋਕਤ ਹਾਲਾਤ ਮਰਦਾਂ ਵਿੱਚ ਬੱਚਾ ਪੈਦਾ ਕਰਨ ਦੀ ਅਯੋਗਤਾ ਨੂੰ ਕਿਹਾ ਜਾਂਦਾ ਹੈ।ਇਸ ਹਾਲਤ ਵਿੱਚ ਮਰਦ ਸ਼ਰੀਰਕ ਪੱਖੋਂ ਤਾਂ ਅਯੋਗ ਹੁੰਦਾ ਹੀ ਹੈ, ਇਸ ਕਾਰਣ ਮਾਨਸਿਕ ਤੌਰ ਤੇ ਵੀ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ।ਉਸਦੀ ਇਹ ਕਮਜ਼ੋਰੀ ਉਸਨੂੰ ਅੰਦਰੋਂ ਅੰਦਰੀ ਕੁਤਰ ਕੁਤਰ ਕੇ ਖਾਈ ਜਾਂਦੀ ਹੈ ,ਕਿਉਂਕਿ ਉਹ ਵੰਸ਼ ਨੂੰ ਅੱਗੇ ਵਧਾਉਣ ਤੋਂ ਅਸਮਰੱਥ ਹੁੰਦਾ ਹੈ।ਬਾਕੀ ਉਸਦਾ ਆਪਣਾ ਪਰਿਵਾਰ ਨਾ ਅੱਗੇ ਵਧ ਸਕਣ ਕਾਰਣ ਸਮਾਜ ਵੀ ਉਸਨੂੰ ਊਣਾ ਕਰਕੇ ਜਾਣਦਾ ਹੈ।ਜੇ ਵਿਆਹ ਹੋ ਜਾਵੇ ਤਾਂ ਪਤਨੀ ਵੀ ਮਿਹਣੇ ਮਾਰਦੀ ਹੈ ਕਿ ਤੂੰ ਤਾਂ ਕਾਸੇ ਜੋਗਾ ਨਹੀਂ ਤੇ ਅਖੀਰ ਉਸਨੂੰ ਛੱਡ ਕੇ ਚਲੀ ਜਾਂਦੀ ਹੈ।

ਬੱਚੇ ਦੀ ਚਾਹਤ ਵਾਸਤੇ ਉਸਦੇ ਮਾਤਾ ਪਿਤਾ ਦੇ ਅਰਮਾਨ ਵੀ ਅਧੂਰੇ ਰਹਿ ਜਾਂਦੇ ਹਨ।ਆਪਣੇ ਲੜਕੇ ਦਾ ਧੁੰਦਲਾ ਭਵਿਖ ਮਾਪਿਆਂ ਨੂੰ ਰੋਗ ਦੀ ਤਰਾਂ ਲੱਗ ਜਾਂਦਾ ਹੈ।ਉਹ ਆਪਣਾ ਦਰਦ ਕਿਸੇ ਨਾਲ ਸਾਂਝਾ ਵੀ ਨਹੀਂ ਕਰ ਸਕਦੇ ਤੇ ਆਪਣੇ ਬੱਚੇ ਦੀ ਦੀ ਕਮੀ ਕਾਰਣ ਜਿਉਂਦੇ ਹੀ ਮਰ ਜਾਂਦੇ ਹਨ।ਇਹੀ ਹਾਲ ਇਸ ਹਾਲਤ ਨਾਲ ਜੂਝ ਰਹੇ ਵਿਅਕਤੀ ਨਾਲ ਵੀ ਹੁੰਦਾ ਹੈ।ਉਹ ਵੀ ਨਾ ਜੀਉਂਦਿਆਂ ਚੋਂ ਨਾ ਮੋਇਆਂ ਚੋਂ ਰਹਿ ਜਾਂਦਾ ਹੈ।ਸਾਰੀ ਉਮਰ ਨਸ਼ਿਆਂ ਆਦਿ ਤੇ ਲੱਗ ਕੇ ਸੰਤਾਪ ਹੰਢਾਉਂਦਾ ਹੈ।



ਨਪੁੰਸਕਤਾ ਦੇ ਕਾਰਣ ਕੀ ਨੇ :-

\+ ਕੁਝ ਕੇਸ ਤਾਂ ਜਨਮਜਾਤ ਜਾਂ ਕਿਸੇ ਗੁਝੀ ਸੱਟ ਕਾਰਣ ਹੁੰਦੇ ਹਨ।

\+ ਪਰ ਅੱਜ ਦੇ ਹਾਲਾਤਾਂ ਉੱਤੇ ਖੁਲਕੇ ਚਰਚਾ ਕਰਨੀ ਪਵੇਗੀ, ਕਿਓਂਕਿ ਹਜ਼ਾਰਾਂ ਘਰਾਂ ਦੇ ਚਿਰਾਗ ਹੁੰਦਿਆਂ ਹੋਇਆਂ ਵੀ ਰੌਸ਼ਨੀ ਨਹੀਂ ਕਰ ਸਕਦੇ।ਇੰਟਰਨੈੱਟ ਤੇ ਸੋਸ਼ਲ ਮੀਡੀਆ ਦੀ ਮੈਂ ਆਪਣੇ ਲੇਖਾਂ ਵਿੱਚ ਬੜੀ ਵਾਰ ਜ਼ਿਕਰ ਕੀਤਾ ਹੈ ਤੇ ਇਸਦੇ ਲਾਭ ਦੇ ਨਾਲ ਨਾਲ ਹਾਨੀਆਂ ਤੇ ਵੀ ਚਰਚਾ ਕੀਤੀ ਹੈ।ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ।ਅਸੀਂ ਮੰਨਦੇ ਹਾਂ ਇਸ ਮੀਡੀਆ ਦੇ ਮਾਲਕਾਂ ਦਾ ਕੰਮ ਕੇਵਲ ਧਨ ਦੇ ਢੇਰਾਂ ਤੇ ਬੈਠਣਾ ਹੀ ਨਹੀਂ ,ਸਗੋਂ ਵਾਹਿਯਾਤ ਵੀਡੀਓ ਤੇ ਰੋਕ ਲਗਾਉਣਾ ਵੀ ਹੈ।ਅੱਜ ਹਰ ਬੱਚਾ ਆਪਣੀ ਜੇਬ ਵਿੱਚ ਮੋਬਾਇਲ ਨਹੀਂ ,ਸਗੋਂ ਪੂਰਾ ਸੰਸਾਰ ਲਈ ਫਿਰਦਾ ਹੈ।ਜਿਸ ਵਿੱਚੋਂ ਜਦੋਂ ਚਾਹੇ ਧਾਰਮਿਕ ਵੀਡੀਓ ਦੇਖ ਸਕਦਾ ਹੈ ਜਾਂ ਬਲਿਊ ਫਿਲਮ ਤੇ ਖੁੱਲ੍ਹਾ ਸੈਕਸ।

\+ ਕਿਸ਼ੋਰ ਉਮਰ ਵਿੱਚ ਸੈਕਸ ਬਾਰੇ ਜਾਨਣ ਦੀ ਬੜੀ ਉਤਸੁਕਤਾ ਹੁੰਦੀ ਹੈ, ਇਹ ਉਮਰ ਬੜੀ ਨਾਜ਼ੁਕ ਹੁੰਦੀ ਹੈ।ਸਾਥੀਆਂ ਦੀਆਂ ਗੱਲਾਂ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਹੁੰਦਾ ਹੈ।ਇਥੇ ਮਾਤਾ ਪਿਤਾ ਦੀ ਆਮ ਨਾਲੋਂ ਜ਼ਿਆਦਾ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਆਪਣੀ ਧੀ ਜਾਂ ਪੁੱਤ ਨੂੰ ਬਿਨਾਂ ਪੁੱਛਿਆਂ ਪੜ ਸਕਣ ਦੀ ਸਮਰਥਾ ਰੱਖਣ , ਜਾਂ ਫਿਰ ਦੋਸਤ ਬਣਕੇ ਉਸਦੇ ਰੋਜ਼ਾਨਾ ਜੀਵਨ ਤੇ ਨਿਗ੍ਹਾ ਰੱਖਣ ਤਾਂ ਜੋ ਗਲਤ ਕਦਮ ਪੁੱਟਣ ਤੋਂ ਪਹਿਲਾਂ ਹੀ ਉਨਾਂ ਦਾ ਸਹੀ ਮਾਰਗਦਰਸ਼ਨ ਕੀਤਾ ਜਾ ਸਕੇ।

**IVF** ਅੱਜ ਬਹੁਤ ਹੀ ਪ੍ਰਚਲਤ ਤਕਨੀਕ ਤੇ ਡਾਕਟਰੀ ਪੇਸ਼ੇ ਵਾਲਿਆਂ ਲਈ ਲਾਹੇਵੰਦ ਵਪਾਰ ਬਣ ਚੁੱਕਿਆ ਹੈ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਇਸ ਤਕਨੀਕ ਰਾਹੀਂ ਬੱਚਾ ਪੈਦਾ ਕਰਨ ਵਾਲੇ ਹਸਪਤਾਲ ਉਂਗਲਾਂ ਤੇ ਗਿਣੇ ਜਾ ਸਕਦੇ ਸਨ।ਪਰ ਜਿਓਂ ਹੀ ਸੋਸ਼ਲ ਮੀਡੀਆ ਦਾ ਹੜ ਆਇਆ, ਇਹ ਬਰਸਾਤੀ ਖੁੰਬਾਂ ਵਾਂਗ ਉੱਡ ਖਲੋਏ।ਇਸ ਦਾ ਕਾਰਨ ਹੈ ਮਰਦਾਂ ਵਿੱਚ ਕਈ ਗੁਣਾਂ ਵਧਦੀ ਨਪੁੰਸਕਤਾ ,ਜਿਸਦਾ ਕਾਰਨ ਹੈ , ਬੱਚੇ ਕੋਲ ਮੋਬਾਇਲ ਹਰ ਸਮੇਂ ਹੁੰਦਾ ਹੈ ਤੇ ਜਦੋਂ ਇਕੱਲੇ ਨੂੰ ਮੌਕਾ ਮਿਲਦਾ ਹੈ ਉਹ ਗੰਦੀਆਂ ਮੰਦੀਆਂ ਵੀਡੀਓ ਦੇਖਣ ਲੱਗ ਜਾਂਦਾ ਹੈ।ਉਕਸਾਹਟ ਵਸ ਫਿਰ ਆਪ ਵੀ ਹਸਥਮੈਥੁਨ ਦਾ ਆਦੀ ਹੋ ਜਾਂਦਾ ਹੈ।ਇਸ ਤਰਾਂ ਬਹੁਤਾਤ ਵਿੱਚ ਕਰਨ ਨਾਲ ਸੈਕਸ ਔਰਗਨ ਦੀਆਂ ਨਸਾਂ ਕਮਜ਼ੋਰ ਹੋ ਕੇ ਇਨਸਾਨ ਨੂੰ ਇੱਕ ਦਿਨ ਨਕਾਰਾ ਬਣਾ ਦਿੰਦੀਆਂ ਹਨ ਤੇ ਉਹ ਬੱਚਾ ਪੈਦਾ ਕਰਨ ਤੋਂ ਅਸਮਰਥ ਹੋ ਜਾਂਦਾ ਹੈ।ਪੂਰੀ ਤਰਾਂ ਨਸਾਂ ਦੇ ਖਰਾਬ ਹੋ ਜਾਣ ਤੇ ਹਾਲਤ ਲਾ-ਇਲਾਜ ਹੈ।

**ਨਰੇਸ਼ ਕੁਮਾਰੀ ਸ਼ਰਮਾ**
**+02041755894**



# ਸੁਰਿੰਦਰ ਸੋਨੀਆ

ਉਸ ਦੀ ਯਾਦਾਸ਼ਤ ਮੱਠੀ ਪੈ ਚੁੱਕੀ ਹੈ। ਉਸ ਨੂੰ ਖੁਦ ਆਪਣੇ ਹਿੱਟ ਗੀਤਾਂ ਬਾਰੇ ਓਨੀ ਜਾਣਕਾਰੀ ਨਹੀਂ, ਜਿੰਨੀ ਆਮ ਸਰੋਤਿਆਂ ਨੂੰ ਹੈ। ਜਦੋਂ ਉਸ ਨੂੰ ਆਖੀਦਾ ਹੈ, 'ਫਲਾਣਾ ਗੀਤ ਵੀ ਤਾਂ ਤੁਹਾਡਾ ਹੀ ਸੀ, ਉਹ ਦੇ ਬਾਰੇ ਤਾਂ ਤੁਸੀਂ ਦੱਸਦੇ ਨਹੀਂ' ਤਾਂ ਉਹ ਆਖਦੀ ਹੈ, 'ਹਾਂ...ਹਾਂ...ਹਾਂ...ਮੇਰਾ ਤਾਂ ਚੇਤਾ ਹੀ ਭੁੱਲ ਗਿਆ ਸੀ।'

ਸੁਰਿੰਦਰ ਸੋਨੀਆ ਦੇ ਰਿਕਾਰਡ ਅੱਧੀ ਕੁ ਦਰਜਨ ਕਲਾਕਾਰਾਂ ਨਾਲ ਆਏ ਪਰ ਸਟੇਜਾਂ ਉਸ ਨੇ ਦਰਜਨ ਭਰ ਕਲਾਕਾਰਾਂ ਨਾਲ ਸਾਂਝੀਆਂ ਕੀਤੀਆਂ। ਚਮਕੀਲਾ, ਸ਼ਿੰਦਾ, ਨਜ਼ੀਰ, ਸਲਾਰੀਆ, ਕਰਮਜੀਤ ਧੂਰੀ, ਸੰਤ ਰਾਮ ਖੀਵਾ, ਪਿਆਰਾ ਸਿੰਘ ਪੰਛੀ, ਧੰਨਾ ਸਿੰਘ ਰੰਗੀਲਾ, ਕੁਲਦੀਪ ਹੀਰੋ, ਚਤਰ ਸਿੰਘ ਪਰਵਾਨਾ ਤੇ ਇੱਕ-ਦੋ ਹੋਰ ਕਲਾਕਾਰਾਂ ਨਾਲ ਉਸ ਨੇ ਚੰਗੇ ਪ੍ਰੋਗਰਾਮ ਲਗਾਏ। ਉਸ ਨਾਲ ਗਾਉਣ ਵਾਲੇ ਕਈ ਤੁਰ ਗਏ ਨੇ ਤੇ ਜਿਹੜੇ ਜਿਉਂਦੇ ਨੇ ਉਨ੍ਹਾਂ ਵਿਚੋਂ ਬਹੁਤਿਆਂ ਦੀ ਹਾਲਤ ਉਸ ਨਾਲ ਮਿਲਦੀ-ਜੁਲਦੀ ਹੈ। ਸੋਨੀਆ ਨੂੰ ਦੋ-ਤਿੰਨ ਕਲਾਕਾਰਾਂ 'ਤੇ ਡਾਢਾ ਰੋਸ ਹੈ, ਜਿਨ੍ਹਾਂ ਨੇ ਉਸ ਨਾਲ ਗਾ ਕੇ ਖੂਬ ਨਾਂ ਤੇ ਨਾਮਾ ਬਣਾਇਆ ਪਰ ਉਸ ਦੀ ਕਦੇ ਸਾਰ ਨਹੀਂ ਲਈ। ਉਹ ਆਖਦੀ ਹੈ, 'ਬੰਦੇ 'ਤੇ ਸਦਾ ਇੱਕੋ ਜਿਹੇ ਦਿਨ ਨਹੀਂ ਰਹਿੰਦੇ, ਕੱਲ੍ਹ ਮੇਰੀ ਚੜ੍ਹਤ ਸੀ ਤੇ ਅੱਜ ਮੇਰੀ ਹਾਲਤ ਬਾਰੇ ਸਭ ਨੂੰ ਗਿਆਨ ਹੈ ਹੀ। ਜਿਹੜੇ ਕਲਾਕਾਰਾਂ ਨਾਲ ਮੈਂ ਗਾਇਆ, ਉਨ੍ਹਾਂ ਵਿਚੋਂ ਕਈਆਂ ਨੂੰ ਅੱਜ ਪੈਸੇ ਦੀ ਕੋਈ ਤੋਟ ਨਹੀਂ ਪਰ ਉਹ ਤਾਂ ਮੈਨੂੰ ਬੁਲਾਉਣਾ ਵੀ ਮੁਨਾਸਿਬ ਨਹੀਂ ਸਮਝਦੇ। ਜੇ ਰਾਹ ਜਾਂਦਿਆਂ ਨੂੰ ਮੈਂ ਦਿਸ ਪੈਂਦੀ ਹਾਂ ਤਾਂ ਪਾਸਾ ਵੱਟ ਕੇ ਲੰਘ ਜਾਂਦੇ ਨੇ।

ਸੁਰਿੰਦਰ ਸੋਨੀਆ ਬਾਰੇ ਜਦੋਂ ਸਮਕਾਲੀ ਗਾਇਕਾਂ-ਗੀਤਕਾਰਾਂ ਨਾਲ ਗੱਲਾਂ ਛਿੜਦੀਆਂ ਹਨ ਤਾਂ ਕਈ ਅਜਿਹੀਆਂ ਗੱਲਾਂ ਪਤਾ ਲੱਗਦੀਆਂ ਹਨ, ਜਿਹੜੀਆਂ ਉਹ ਖੁਦ ਨਹੀਂ ਦੱਸਦੀ। ਵੈਸੇ ਵੀ ਅਜਿਹਾ ਕੋਈ ਇਨਸਾਨ ਨਹੀਂ ਹੋਵੇਗਾ, ਜਿਹੜਾ ਆਪਣੀਆਂ ਊਣਤਾਈਆਂ ਸ਼ਰੇਆਮ ਦੱਸਦਾ ਫਿਰੇ। ਜਿਹੜੇ ਘਰ ਵਿੱਚ ਸੋਨੀਆ ਰਹਿੰਦੀ ਸੀ ਉਹ ਪਿਛਲੇ ਲੰਮੇ ਸਮੇਂ ਤੋਂ ਕਿਸੇ ਹੋਰ ਦੇ ਅੜਿੱਕੇ ਚੜ੍ਹਿਆ ਹੋਇਆ ਹੈ। ਉਹ ਖੁਦ ਤਾਂ ਇਹ ਆਖਦੀ ਹੈ ਕਿ, '1983-84 ਦੇ ਪੰਜ-ਛੇ ਕਲਾਕਾਰਾਂ ਨੇ ਰਲ ਕੇ ਅਸੀਂ ਇੱਕ ਕੰਪਨੀ ਬਣਾਈ ਸੀ, ਜਿਹੜੀ ਕਈ ਹਿੱਸੇਦਾਰਾਂ ਦੀਆਂ ਅਣਗਹਿਲੀਆਂ ਕਰਕੇ ਡੁੱਬ ਗਈ। ਅਸੀਂ ਲੋਨ ਲੈ ਕੇ ਉਸ ਵਿੱਚ ਹਿੱਸਾ ਪਾਇਆ ਸੀ। ਸਾਡੇ ਉੱਤੇ ਕਰਜ਼ਾ ਏਨਾ ਚੜ੍ਹ ਗਿਆ ਕਿ ਕੋਠੀ ਸਾਡੇ ਹੱਥੋਂ ਖੁੱਸ ਗਈ।' ਪਰ ਇੱਕ-ਦੋ ਹੋਰ ਕਲਾਕਾਰ ਆਖਦੇ ਨੇ, 'ਸੋਨੀਆ ਏਨੀ ਬੇਪ੍ਰਵਾਹ ਹੋ ਗਈ ਸੀ ਕਿ ਉਸ ਨੇ ਪੈਸੇ ਦੀ ਕਦਰ ਨਾ ਕੀਤੀ। ਇੱਕ ਚਲਾਕ ਬੰਦੇ ਨੇ ਉਸ ਨੂੰ ਉਧਾਰ ਦੇਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਵਾਹਵਾ ਰਕਮ ਉਸ ਸਿਰ ਚੜ੍ਹ ਗਈ ਤਾਂ ਉਸ ਨੇ ਉਸ ਦਾ ਘਰ ਲਿਖਵਾ ਲਿਆ।' ਇਨ੍ਹਾਂ ਦੋਹਾਂ ਵਿਚੋਂ ਕਿਹੜੀ ਗੱਲ ਸਹੀ ਹੈ ਤੇ ਕਿਹੜੀ ਗਲਤ, ਇਸ ਦੀ ਛਾਣਬੀਣ ਕਰਨਾ ਸਾਡਾ ਮਕਸਦ ਨਹੀਂ, ਪਰ ਇਹ ਸੱਚ ਹੈ ਕਿ ਉਸ ਦੀ ਚੰਗੀ-ਭਲੀ ਕੋਠੀ ਉਸ ਕੋਲ ਨਹੀਂ ਰਹੀ।

ਸੁਰਿੰਦਰ ਸੋਨੀਆ ਦੇ ਤਿੰਨ ਬੱਚੇ ਹਨ ਅਤੇ ਉਸ ਦੇ ਪਤੀ ਕਸ਼ਮੀਰੀ ਲਾਲ ਦੀ ਮੌਤ ਹੋ ਚੁੱਕੀ ਹੈ। ਉਸ ਦੇ ਦੋ ਮੁੰਡੇ ਨੇ ਤੇ ਇੱਕ ਕੁੜੀ, ਤਿੰਨੇ ਵਿਆਹੇ ਹੋਏ ਨੇ। ਕੁੜੀ ਗੁਰਸ਼ਰਨ ਕੌਰ ਤੇ ਮੁੰਡਿਆਂ ਅਨਿਲ ਸੋਨੀ ਤੇ ਪਰਮਿੰਦਰ ਸਿੰਘ 'ਚੋਂ ਗਾਉਣ ਦਾ ਸ਼ੌਕ ਕਿਸੇ ਨੂੰ ਨਹੀਂ। ਸੁਰਿੰਦਰ ਸੋਨੀਆ ਦਾ ਪਤਾ ਲੈਣ ਲਈ ਹਾਲੇ ਤੱਕ ਕੋਈ ਸੱਭਿਆਚਾਰਕ ਸੰਸਥਾ ਨਹੀਂ ਬਹੁੜੀ। ਪਰਮਿੰਦਰ ਸੰਧੂ, ਹਾਕਮ ਬਖਤੜੀਵਾਲਾ ਤੇ ਇੱਕ-ਦੋ ਹੋਰ ਕਲਾਕਾਰਾਂ ਨੇ ਉਸ ਦੀ ਮੱਦਦ ਕੀਤੀ ਪਰ ਹੋਰ ਕਿਸੇ ਨੇ ਉਸ ਦੀ ਬਾਤ ਨਹੀਂ ਪੁੱਛੀ।

ਇਹ ਗੱਲ ਤਾਂ ਪੱਕੀ ਹੈ ਕਿ ਪੁਰਾਣਿਆਂ ਦੀ ਥਾਂ ਨਵਿਆਂ ਨੇ ਲੈ ਲੈਣੀ ਹੈ ਪਰ ਸੁਰਿੰਦਰ ਸੋਨੀਆ ਵਰਗੀਆਂ ਸੁਰੀਲੀ ਅਵਾਜ਼ ਦੀਆਂ ਮਾਲਕਣਾਂ ਨੂੰ ਵਿਸਾਰਨਾ ਸਿਆਣਪ ਵਾਲੀ ਗੱਲ ਨਹੀਂ। ਸਾਡਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਦੀ ਕਦਰ ਕਰੀਏ ਕਿਉਂਕਿ ਇਹੀ ਉਹ ਲੋਕ ਨੇ, ਜਿਨ੍ਹਾਂ ਨੇ ਉਨ੍ਹਾਂ ਵੇਲਿਆਂ ਵਿੱਚ ਲੋਕਾਈ ਦਾ ਮਨੋਰੰਜਨ ਕੀਤਾ, ਜਦੋਂ ਨਾ ਤਾਂ ਅੱਜ ਵਾਂਗ ਚੈਨਲ ਸਨ, ਨਾ ਪ੍ਰਿੰਟ ਮੀਡੀਆ ਤੇ ਪ੍ਰਚਾਰ ਦੇ ਹੋਰ ਸਾਧਨ।



# ਕਪਿਲ ਸ਼ਰਮਾ ਦੇ ਸ਼ੋਅ 'ਚ ਸੁਨੀਲ ਗਰੋਵਰ ਦੀ ਵਾਪਸੀ



ਕਾਮੇਡੀਅਨ ਕਪਿਲ ਸ਼ਰਮਾ ਅਤੇ ਸੁਨੀਲ ਗਰੋਵਰ ਦੇ ਪ੍ਰਸ਼ੰਸਕਾਂ ਲਈ ਇਕ ਖ਼ੁਸ਼ਖ਼ਬਰੀ ਹੈ।ਜੀ ਹਾਂ, ਇਕ ਵਾਰ ਫ਼ਿਰ ਸੁਨੀਲ ਗਰੋਵਰ ਤੇ ਕਪਿਲ ਸ਼ਰਮਾ ਇਕੱਠੇ ਨਜ਼ਰ ਆਉਣ ਵਾਲੇ ਹਨ।ਉਨ੍ਹਾਂ ਨੂੰ ਮੁੜ ਤੋਂ ਇਕੱਠੇ ਇਕ ਸ਼ੋਅ 'ਚ ਵੇਖਣਾ ਫੈਨਜ਼ ਲਈ ਕਿਸੇ ਤੋਹਫੇ ਤੋਂ ਘੱਟ ਨਹੀਂ ਹੈ।ਦਰਅਸਲ, ਗੁੱਥੀ ਫੇਮ ਸੁਨੀਲ ਗਰੋਵਰ ਅਤੇ ਕਪਿਲ ਸ਼ਰਮਾ ਆਪਣੀ ਪੂਰੀ ਟੀਮ ਨਾਲ ਇੱਕ ਵਾਰ ਫਿਰ ਨਵੇਂ ਸ਼ੋਅ 'ਚ ਆਉਣ ਲਈ ਤਿਆਰ ਹਨ। ਹਾਲ ਹੀ 'ਚ 'ਇਟਡਲਿਣ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਸ਼ੇਅਰ ਕੀਤੀ ਹੈ, ਇਸ ਵੀਡੀਓ 'ਚ ਕਪਿਲ ਸ਼ਰਮਾ ਅਤੇ ਸੁਨੀਲ ਗਰੋਵਰ ਇਕੱਠੇ ਨਜ਼ਰ ਆ ਰਹੇ ਹਨ।ਇਸ ਤੋਂ ਬਾਅਦ ਦੋਨੋਂ ਇੱਕ ਦੂਜੇ ਨਾਲ ਹੱਸਦੇ ਅਤੇ ਮਜ਼ਾਕ ਕਰਦੇ ਹਨ।ਫਿਰ ਹੌਲੀ-ਹੌਲੀ ਪੂਰੀ ਟੀਮ ਯਾਨੀ ਕਿਕੂ ਸ਼ਾਰਦਾ, ਅਰਚਨਾ ਪੂਰਨ ਸਿੰਘ, ਕ੍ਰਿਸ਼ਨਾ ਅਭਿਸ਼ੇਕ, ਰਾਜੀਵ ਠਾਕੁਰ ਵੀ ਪਹੁੰਚ ਜਾਂਦੇ ਹਨ।ਇਸ ਵੀਡੀਓ 'ਚ ਕਪਿਲ ਸ਼ਰਮਾ ਆਖ ਰਹੇ ਹਨ ਕਿ 'ਘਰ ਬਦਲਿਆ ਹੈ, ਪਰਿਵਾਰ ਨਹੀਂ'।ਵੀਡੀਓ 'ਚ ਕਪਿਲ ਸ਼ਰਮਾ ਦੀ ਪੂਰੀ ਟੀਮ ਹੱਸਦੀ ਅਤੇ ਮਜ਼ਾਕ ਕਰਦੀ ਨਜ਼ਰ ਆ ਰਹੀ ਹੈ। ਦੱਸਣਯੋਗ ਹੈ ਕਿ ਸਾਲ 2017 'ਚ ਕਪਿਲ ਸ਼ਰਮਾ ਅਤੇ ਸੁਨੀਲ ਗਰੋਵਰ 'ਚ ਬਹੁਤ ਵੱਡਾ ਝਗੜਾ ਹੋਇਆ ਸੀ।ਖ਼ਬਰਾਂ ਮੁਤਾਬਕ, ਕਪਿਲ ਅਤੇ ਸੁਨੀਲ ਫਲਾਈਟ 'ਚ ਕਿਸੇ ਗੱਲ ਨੂੰ ਲੈ ਕੇ ਆਪਸ ਲੜ ਪਏ ਸਨ।ਉਦੋਂ ਤੋਂ ਹੀ ਦੋਵਾਂ ਨੇ ਇਕੱਠੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਪਰ ਹੁਣ ਪ੍ਰਸ਼ੰਸਕ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਇਸ ਜੋੜੀ ਨੂੰ ਦੁਬਾਰਾ ਇਕੱਠੇ ਦੇਖ ਸਕਣਗੇ।




Get the right advice - first time and every time.

THE Mortgage SUPPLY Co NEW ZEALAND

For all your finance and insurance needs.

**Let us take the stress and uncertainty out of the home loan process, and get your very own mortgage moment with The Mortgage Supply Co.**

Whether you're buying your first home, moving up or down the property ladder, managing your property portfolio, or refixingyour mortgage, we at The Mortgage SupplyCo can help. Our experienced mortgage brokers provide individualised advice targeted to your needs, ensuring you get the right loan to help you reach your goals.



**Roshni Patel**
Mortgage Adviser
0211784183
roshni.patel@mortgagesupply.co.nz

Our dedicated team are all fully accredited Registered Financial Advisers, so you can be sure you're getting the right advice from qualified lending experts.

**Mortgage Solutions we provide**

- First home Buyers
- Property Investors
- Refinancing
- Low Deposit Options
- Construction Funding
- Commercial & Business
- Low-doc Loans
- House Insurance
- Personal Insurance



**Falgun Patel**
Mortgage Adviser
0211054718
falgun.patel@mortgagesupply.co.nz

# ਆਖ਼ਿਰ ਕੌਣ ਹੈ 'ਐਨੀਮਲ' ਫ਼ਿਲਮ ਦੇ ਗੀਤ ਵਿਚਲਾ 'ਅਰਜਨ ਵੈਲੀ'






ਬਾਲੀਵੁੱਡ ਫਿਲਮ 'ਐਨੀਮਲ' ਰਿਲੀਜ਼ ਲਈ ਤਿਆਰ ਹੈ, ਜਿਸ 'ਚ ਇਕ ਪੰਜਾਬੀ ਗੀਤ ਹੈ, ਜੋ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।ਇਸ ਗੀਤ 'ਚ ਅਰਜਨ ਵੈਲੀ ਦਾ ਨਾਂ ਆਇਆ ਹੈ ਤੇ ਗੀਤ ਦੇ ਬੋਲ ਹਨ- "ਅਰਜਨ ਵੈਲੀ ਨੇ ਪੈਰ ਜੋੜ ਕੇ ਗੰਡਾਸੀ ਮਾਰੀ"। ਆਖਿਰ ਕੌਣ ਹੈ ਇਹ ਅਰਜਨ ਵੈਲੀ ? ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਅਰਜਨ ਵੈਲੀ ਹੈ ਕੌਣ ਅਸਲ 'ਚ ਅਰਜਨ ਇਕ ਸਾਧਾਰਨ ਕਿਸਾਨ ਪਰਿਵਾਰ ਦਾ ਮੈਂਬਰ ਸੀ।ਉਸ ਦੇ ਪਰਿਵਾਰ ਦੀ ਜ਼ਮੀਨ ਕਾਰਨ ਪਿੰਡ 'ਚ ਨਾਲ ਲਗਦੀ ਜ਼ਮੀਨ ਵਾਲਿਆਂ ਨਾਲ ਕਾਫ਼ੀ ਤਕਰਾਰ ਰਹਿੰਦੀ ਸੀ।ਇਸੇ ਤਕਰਾਰ ਕਾਰਨ ਇਕ ਵਿਆਹ ਸਮਾਗਮ 'ਚ ਵਿਰੋਧੀ ਧਿਰ ਦੀ ਅਰਜਨ ਦੇ ਪਰਿਵਾਰ ਨਾਲ ਕਹਾ-ਸੁਣੀ ਹੋ ਗਈ ਤੇ ਗੱਲ ਝਗੜੇ ਤੱਕ ਵਧ ਗਈ।ਇਸ ਦੌਰਾਨ ਵਿਰੋਧੀ ਧਿਰ 'ਚੋਂ ਕਿਸੇ ਨੇ ਪਿਸਤੌਲ ਕੱਢ ਲਿਆ ਤੇ ਅਰਜਨ ਦੇ ਭਰਾ ਦੇ ਗੋਲੀ ਮਾਰ ਕੇ ਕਤਲ ਕਰ ਦਿੱਤਾ।ਆਪਣੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਹੀ ਅਰਜਨ ਨੇ ਗੰਡਾਸੀ ਚੁੱਕੀ ਸੀ।ਦੱਸ ਦੇਈਏ ਕਿ ਬਾਲੀਵੁੱਡ ਦੀ ਫ਼ਿਲਮ 'ਐਨੀਮਲ' ਭਲਕੇ ਭਾਵ 1 ਦਸੰਬਰ ਨੂੰ ਰਿਲੀਜ਼ ਹੋ ਗਈ ਹੈ।ਫਿਲਮ 'ਚ ਰਣਬੀਰ ਕਪੂਰ, ਰਸ਼ਮਿਕਾ ਮੰਦਾਨਾ ਬੌਬੀ ਦਿਓਲ ਤੇ ਅਨਿਲ ਕਪੂਰ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੇ।



**ਕੁਲਵਿੰਦਰ ਸਿੰਘ ਝੱਮਟ QSM ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਨੂੰ ਈ-ਪੇਪਰ ਅੰਕ ਰਿਲਿਜ਼ ਹੋਣ ਦੀਆਂ ਬਹੁਤ-ਬਹੁਤ ਵਧਾਈਆਂ।**

**Kulwinder Singh JHAMAT QSM**
**Pokeno Jandu Singh Wala**


# Otahuhu Fruit Mart

**ਇੱਥੇ ਹਰ ਪ੍ਰਕਾਰ ਦੀ ਗਰੋਸਰੀ, ਤਾਜ਼ਾ ਫਲ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।**




**Jaswinder Sandhu**
**Kamaljit Sandhu**
**Manager Amrit Pal**
**Sahil Sandhu, Armaan Sandhu**

**Address 307 Great South Road**
**Otahuhu Auckland**
**phn: 0223941899 or 021447634**


ਤੇਰੇ ਖਿਆਲਾਂ ਚ ਰਹਿੰਦਾ ਹਾਂ
ਆਪਣੇ ਆਪ ਨੂੰ ਮੈਂ ਮਿਲਦਾ ਨਹੀਂ

ਬਸ ਤੇਰੇ ਖਿਆਲਾਂ ਚ ਰਹਿੰਦਾ ਹਾਂ
ਤੇਰੇ ਮੁੱਖ ਤੇ ਹਾਸਾ ਦੇਖਣ ਲਈ
ਮੈਂ ਖੁਦ ਨੂੰ ਕਮਲਾ ਦੱਸਦਾ ਹਾਂ

ਬੜਾ ਚੰਗਾ ਲੱਗਦਾ ਮੈਨੂੰ ਸਾਥ ਤੇਰਾ
ਜਦ ਫੜ ਹੱਥ ਤੇਰਾ ਮੈ ਸਾਹ ਲੈਂਦਾ ਹਾਂ

ਰੋਜ ਤੈਨੂੰ ਦੇਖਣ ਲਈ
ਕੋਈ ਤਾਂ ਮੈਂ ਬਹਾਨਾ ਲੱਭਦਾ ਹਾਂ

ਮਿੱਠੇ ਜਿਹੇ ਬੋਲ ਤੇਰੇ
ਜਦ ਸਤਿੰਦਰ - ਸਤਿੰਦਰ ਕਹਿੰਦੇ ਨੇ

ਸੋਹ ਰੱਬ ਦੀ, ਵਾਰ ਵਾਰ ਸੁਣਨ ਨੂੰ
ਮੇਰੇ ਕੰਨ ਤਰਸਦੇ ਰਹਿੰਦੇ ਨੇ

ਜਦ ਰੁੱਕ ਜਾਣੇ ਸਾਹ ਮੇਰੇ,
ਅੱਖਾਂ ਖੁੱਲ੍ਹੀਆਂ ਹੋਣੀਆਂ

ਦੀਦਾਰ ਤੇਰੇ ਹੋ ਜਾਣ ,
ਬਸ ਆਖਿਰ ਦੁਆਵਾਂ ਏਹ ਹੋਣੀਆਂ

ਤੇਰੇ ਨਾਲ ਬੀਤੇ ਮੈਂ ਪਲ ਕਦੇ ਭੁਲਾ ਨਾ
ਤਾਂ ਹਰ ਗੱਲ ਚ ਤੇਰਾ ਜ਼ਿਕਰ ਲਿਖਦਾ ਹਾਂ

ਬਸ ਆਪਣੇ ਆਪ ਨੂੰ ਮੈ ਮਿਲ ਜਾਵਾਂ
ਤਾਂ ਤੇਰੇ ਖਿਆਲ ਲਿਖਦਾ ਹਾਂ
ਆਪਣੇ ਆਪ ਨੂੰ ਮੈਂ ਮਿਲਦਾ ਨਹੀਂ
ਬਸ ਤੇਰੇ ਖਿਆਲਾਂ ਚ ਰਹਿੰਦਾ ਹਾਂ
ਬਸ ਤੇਰੇ ਖਿਆਲਾਂ ਚ ਰਹਿੰਦਾ ਹਾਂ

**ਸਤਿੰਦਰ ਘਰਾਚੋਂ**
02041040905




## ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਓ

ਦੋਸਤੋ ਅਸੀਂ ਤੁਹਾਡੇ ਲਈ ਨਵੀਂ ਤਰ੍ਹਾਂ ਦੀ ਸੇਵਾ ਸ਼ੁਰੂ ਕਰ ਰਹੇ ਹਾਂ ਜਿਸ ਵਿੱਚ ਤੁਸੀਂ ਜੇ ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਉਣਾ ਚਹੁੰਦੇ ਹੋ ਤਾਂ ਅਸੀਂ ਇਸ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਾਂ। ਅਸੀਂ ਹਰ ਉਹ ਚੀਜ ਜੋ ਦੋਂਹੇ ਦੇਸ਼ਾਂ ਵਿੱਚ ਕਿਸੇ ਵੀ ਤਰ੍ਹਾਂ ਗੈਰਕਾਨੂੰਨੀ ਨਾ ਹੋਵੇ ਕੋਰੀਅਰ ਰਾਹੀਂ ਪੰਜਾਬ ਦੇ ਕਿਸੇ ਵੀ ਹਿੱਸੇ ਵਿੱਚੋਂ ਖਰੀਦਕੇ ਤੁਹਾਡੇ ਤੱਕ ਪਹੁੰਚਦੀ ਕਰ ਸਕਦੇ ਹਾਂ।



ਜੇ ਤੁਸੀਂ ਵੀ ਕੁਝ ਵੀ ਪੰਜਾਬ ਤੋਂ ਮੰਗਵਾਉਣਾ ਚਹੁੰਦੇ ਹੋ ਤਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: **+64274427338**
ਇੰਡੀਆ ਦਫਤਰ ਵਟਸਐਪ ਨੰਬਰ: **84277-12890**

GOLIAN Consultants
Immigration Specialists
since 1988.

Contact us for:
* Business Visa Assessment
* Skilled Work Visa Assessment
*Student Visa Assessment

Level 1, 3 Campbell Road,
Royal Oak, Auckland
NEW ZEALAND
Email: golian@golian.co.nz
Phone: 021 624 120, 096 241 204



FLAT BUSH DENTAL
Papatoetoe Dental Centre
Dr. Mankaran Singh Sandhu
Get a Brighter, Healthier Smile Today!
Transform Your Smile with Our Dental Promotions
ਇੱਥੇ ਦੰਦਾਂ ਦਾ ਇਲਾਜ ਬਹੁਤ ਵਧੀਆਂ ਢੰਗ ਨਾਲ ਕੀਤਾ ਜਾਂਦਾ ਹੈ।
ਇਹਨਾਂ ਨਾਲ ਤੁਸੀ ਪੰਜਾਬੀ ਅਤੇ ਅੰਗਰੇਜੀ ਦੋਵੇ ਭਾਸ਼ਾ ਵਿੱਚ ਗੱਲਬਾਤ ਕਰ ਸਕਦੇ ਹੋ।
Dental check-ups for $50 include 2 x -rays*
Dental check-up include 2 x -rays plus scale and polish for $150*
1/375 GREAT SOUTH ROAD, PAPATOETOE
201 MURPHYS ROAD, FLAT BUSH
092784830
099308315
papatoetoe375@gmail.com
Flatbushdental2018@gmail.com
*TERMS AND CONDITIONS APPLY


# ਨਿਊਜ਼ੀਲੈਂਡ ਦੇ ਨਾਮ ’ਤੇ ਪੰਜਾਬ ਦੇ ਟ੍ਰੈਵਲ ਏਜੰਟਾਂ ਵੱਲੋਂ ਪੰਜਾਬੀਆਂ ਨਾਲ ਠੱਗੀ ਦੀ ਕੋਸ਼ਿਸ਼

ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀ ਹੈ। ਬਹੁਤ ਸਾਲਾਂ ਤੋਂ ਪੰਜਾਬੀਆਂ ਨੂੰ ਫਸਲਾਂ ਦੇ ਵਾਜਬ ਭਾਅ ਨਾ ਮਿਲਣ ਕਰਕੇ ਅਤੇ ਖੇਤੀਬਾੜੀ ਵਿੱਚ ਵਰਤੀਆਂ ਜਾਂਦੀਆਂ ਸਪਰੇਆਂ, ਖਾਦਾਂ ਅਤੇ ਮਸ਼ੀਨਰੀ ਦੀ ਕੀਮਤ ਵਧਣ ਕਰਕੇ ਕਿਸਾਨ ਆਰਥਿਕ ਪੱਖੋਂ ਬਹੁਤਮੰਦੀ ਹਾਲਤ ਵਿੱਚੋਂ ਗੁਜ਼ਰ ਰਹੇ ਹਨ। ਇਸ ਦੇ ਨਾਲ-ਨਾਲ ਕਿਸਾਨਾਂ ਵੱਲੋਂ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਦੀ ਆਸ ਵਿੱਚ ਬੈਂਕਾਂ ਵਿੱਚੋਂ ਕਰਜ਼ਾ ਲੈ ਕੇ ਵੀ ਉਨਾਂ ਨੂੰ ਪੜਾਇਆ ਜਾ ਰਿਹਾ ਹੈ ਅਤੇ ਡਿਗਰੀਆਂ ਹਾਸਲ ਕਰਾਈਆਂ ਜਾ ਰਹੀਆਂ ਹਨ। ਇਸ ਦੇ ਬਾਵਜੂਦ ਸਰਕਾਰਾਂ ਵੱਲੋਂ ਨੌਜਵਾਨ ਪੀੜੀ ਲਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਕੀਤਾ ਗਿਆ।

ਇਸ ਸਾਰੇ ਸਿਸਟਮ ਤੋਂ ਤੰਗ ਹੋ ਕੇ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਲਈ ਮਜ਼ਬੂਰ ਹਨ। ਬਹੁਤਿਆਂ ਨੂੰ ਵਿਦੇਸ਼ਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਹੁੰਦੀ। ਉੱਥੇ ਦੇ ਕਾਇਦੇ ਕਨੂੰਨ ਤੋਂ ਵੀ ਅਣਜਾਣ ਹੁੰਦੇ ਹਨ ਪਰ ਫਿਰ ਵੀ ਆਪਣੇ ਬੇਹਤਰ ਭਵਿੱਖ ਲਈ ਵਿਦੇਸ਼ਾਂ ਵਿੱਚ ਜਾਣਾ ਲੋਚਦੇ ਹਨ। ਇਸ ਵਾਸਤੇ ਉਹ ਵਿਦੇਸ਼ ਵਿੱਚ ਹੋਣ ਵਾਲੀਆਂ ਤੰਗੀਆਂ ਦਾ ਵੀ ਮੁਕਾਬਲਾ ਕਰਨ ਲਈ ਤਿਆਰ ਹੋ ਜਾਂਦੇ ਹਨ ⇩ ਨੌਜਵਾਨ ਇਹ ਵੀ ਸੋਚਦਾ ਹੈ ਕਿ ਜੇਕਰ ਵਿਦੇਸ਼ ਵਿੱਚ ਤੰਗੀਆਂ ਵੀ ਹੋਣਗੀਆਂ ਤਾਂ ਉਹ ਪੰਜਾਬ ਨਾਲੋਂ ਤਾਂ ਘੱਟ ਹੀ ਹੋਣਗੀਆਂ ⇩

ਇਸ ਮੌਕੇ ਦਾ ਫਾਇਦਾ ਟ੍ਰੈਵਲ ਏਜੰਟ ਉਠਾਉਂਦੇ ਹਨ। ਕੁੱਝ ਏਜੰਟ ਤਾਂ ਲੱਖਾਂ ਦੀ ਠੱਗੀ ਮਾਰ ਜਾਂਦੇ ਹਨ। ਬਹੁਤੇ ਪੰਜਾਬੀ ਆਪਣੀਆਂ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਜ਼ਮੀਨਾਂ ਵੇਚ ਕੇ ਵੀ ਏਜੰਟਾਂ ਨੂੰ ਪੈਸਾ ਦੇ ਦਿੰਦੇ ਹਨ। ਕਈ ਪੰਜਾਬੀ ਬਹੁਤ ਜਿਆਦਾ ਵਿਆਜ਼ ’ਤੇ ਪੈਸਾ ਚੁੱਕ ਕੇ ਵੀ ਟ੍ਰੈਵਲ ਏਜੰਟ ਨੂੰ ਦੇ ਦਿੰਦੇ ਹਨ ਜਿਸ ਨੂੰ ਮੋੜਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ।

ਪਿਛਲੇ ਕੁੱਝ ਸਮੇਂ ਤੋਂ ਨਿਊਜ਼ੀਲੈਂਡ ਦੇ ਨਾਮ ’ਤੇ ਪੰਜਾਬ ਦੇ ਏਜੰਟਾਂ ਵੱਲੋਂ ਠੱਗੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਆਰਟੀਕਲ




ਦੇ ਥੱਲੇ ਇੱਕ ਚਿੱਠੀ **(letter)** ਦੀ ਕਾਪੀ ਹੈ ਜਿਸ ਤੋਂ ਲਗਦਾ ਹੈ ਕਿ ਇਹ ਚਿੱਠੀ ਚਾਰਟ ਵੈੱਲ ਸ਼ੌਪਿੰਗ ਸੈਂਟਰ ਹੈਮਿਲਟਨ, ਨਿਊਜ਼ੀਲੈਂਡ ਦੀ ਲਿਖੀ ਹੋਈ ਹੈ। ਇਹ ਕਾਪੀਆਂ ਪੰਜਾਬ ਵਿੱਚ ਨੌਜਵਾਨਾਂ ਨੂੰ ਨਿਊਜ਼ੀਲੈਂਡ ਵਿੱਚ ਲਿਜਾਣ ਦੇ ਵਾਅਦੇ ਨਾਲ ਵੰਡੀਆਂ ਜਾ ਰਹੀਆਂ ਹਨ।

ਪੰਜਾਬ ਤੋਂ ਇੱਕ ਵਿਅਕਤੀ ਨੇ ਇਹ ਚਿੱਠੀ ਦੀ ਕਾਪੀ ਮੇਰੇ ਦੋਸਤ ਨੂੰ ਨਿਊਜ਼ੀਲੈਂਡ ਵਿੱਚ ਭੇਜੀ ਤਾਂ ਕਿ ਇਸ ਦੇ ਸੱਚ ਹੋਣ ਬਾਰੇ ਪਤਾ ਲਗਾਇਆ ਜਾ ਸਕੇ। ਉਸ ਨੇ ਇਹ ਚਿੱਠੀ ਮੇਰੀ ਰਾਏ ਲੈਣ ਲਈ ਮੈਨੂੰ ਭੇਜੀ। ਜਦੋਂ ਮੈਂ ਚਿੱਠੀ ਪੜੀ ਤਾਂ ਮੈਨੂੰ ਚਿੱਠੀ ਨਕਲੀ ਲੱਗੀ ।ਕੁੱਝ ਸ਼ਬਦ ਹੇਠ ਲਿਖੇ ਹਨ ਜੋ ਚਿੱਠੀ ਦੇ ਨਕਲੀ ਹੋਣ ਦਾ ਸਬੂਤ ਦਿੰਦੇ ਹਨ :-

* ਚਿੱਠੀ ਲਿਖਣ ਦਾ ਸਟੈਂਡਰਡ ਨਿਊਜ਼ੀਲੈਂਡ ਦੇ ਸਟੈਂਡਰਡ ਨਾਲੋਂ ਬਹੁਤ ਥੱਲੇ ਸੀ।
* ਚਿੱਠੀ ਜਿਸ ਨੂੰ ਲਿਖੀ ਗਈ ਉਸ ਕੰਪਨੀ ਜਾਂ ਵਿਅਕਤੀ ਦਾ ਨਾਮ ਹੀ ਨਹੀਂ ਸੀ।
* ਚਿੱਠੀ ਵਿੱਚ ਸਰ/ਮੈਡਮ **(Sir/Madam)** ਲਿਖਿਆ ਗਿਆ। ਭਾਵ ਕਿ ਚਿੱਠੀ ਲਿਖਣ ਵਾਲੇ ਨੂੰ ਇਹ ਵੀ ਨਹੀਂ ਪਤਾ ਸੀ ਕਿ ਜਿਸ ਨੂੰ ਚਿੱਠੀ ਲਿਖੀ ਜਾ ਰਹੀ ਹੈ ਉਹ ਸਰ ਹੈ ਜਾਂ ਮੈਡਮ ?
* ਚਿੱਠੀ ਦੇ ਸ਼ੁਰ ੂਵਿੱਚ ਬੰਦੇ ਕਾਮੇ **(male workers)** ਲਿਖਿਆ ਹੋਇਆ ਸੀ ⇩ ਨਿਊਜ਼ੀਲੈਂਡ ਵਿੱਚ ਕਿਸੇ ਕੰਮ ਵਾਸਤੇ ਬੰਦਾ ਜਾਂ ਔਰਤ **(male or female)** ਨਹੀਂ ਲਿਖਿਆ ਜਾ ਸਕਦਾ ਕਿਉਂਕਿ ਇੱਥੇ ਆਦਮੀ ਅਤੇ ਔਰਤ ਦੀ ਬਰਾਬਰਤਾ ਹੈ।
* ਤਨਖਾਹ ਅਮਰੀਕੀ ਡਾਲਰਾਂ ਵਿੱਚ ਲਿਖੀ ਹੋਈ ਸੀ ਜਦ ਕਿ ਨਿਊਜ਼ੀਲੈਂਡ ਵਿੱਚ ਨਿਊਜ਼ੀਲੈਂਡ ਡਾਲਰਾਂ ਦੀ ਕਰੰਸੀ ਹੈ।
* ਤਨਖਾਹ ਤੋਂ ਥੱਲੇ ਨੰਬਰ ਇੱਕ ਵਿੱਚ ਕੰਮ ਦਾ ਸਮਾਂ ਸੋਮਵਾਰ ਤੋਂ ਸ਼ਨੀਵਾਰ ਤੱਕ ਦਾ ਲਿਖਿਆ ਸੀ ਜਦ ਕਿ ਚਿੱਠੀ ਦੇ ਥੱਲੇ ਤਨਖਾਹ ਐਤਵਾਰ ਦੀ ਵੀ ਦਿੱਤੀ ਹੋਈ ਸੀ।
* ਨੰਬਰ ਦੋ ਦੇ ਥੱਲੇ ਹਫਤੇ ਦਾ ੪੮ ਘੰਟੇ ਕੰਮ ਲਿਖਿਆ ਹੋਇਆ ਸੀ ਜਦ ਕਿ ਨਿਊਜ਼ੀਲੈਂਡ ਵਿੱਚ ਹਫਤੇ ਦੇ ੪੦ ਘੰਟੇ ਹੀ ਫੁੱਲ ਟਾਈਮ ਕੰਮ ਹੁੰਦਾ ਹੈ।
* ਨੰਬਰ ੩ ਵਿੱਚ ਓਵਰ ਟਾਈਮ ਦੀ ਤਨਖਾਹ ਲੇਬਰ ਲਾਅ ਮੁਤਾਬਕ ਲਿਖੀ ਹੋਈ ਸੀ। ਪਰ ਥੱਲੇ ਜਾ ਕੇ ਤਨਖਾਹ ਦਾ ਵੇਰਵਾ ਵੀ ਲਿਖਿਆ ਸੀ।
* ਇਸ ਚਿੱਠੀ ’ਤੇ ਈ-ਮੇਲ ਅਤੇ ਫੋਨ ਨੰਬਰ ਵੀ ਨਹੀਂ ਲਿਖਿਆ ਹੋਇਆ ਸੀ।
* ਚਿੱਠੀ ਉੱਤੇ ਕੋਈ ਰੈਫਰੈਂਸ ਨੰਬਰ ਵੀ ਨਹੀਂ ਸੀ।
* ਚਿੱਠੀ ਵਿੱਚ ਚਿੱਠੀ ਲਿਖਣ ਵਾਲੇ ਦਾ ਨਾਮ ਵੀ ਨਹੀਂ ਲਿਖਿਆ ਗਿਆ ਸੀ।

ਪੜਨ ਤੋਂ ਬਾਦ ਇਹ ਚਿੱਠੀ ਮੈਨੂੰ ਨਕਲੀ ਲੱਗੀ ਪਰ ਫਿਰ ਵੀ ਮੈਂ ਸਬੂਤ ਚਾਹੁੰਦਾ ਸੀ ਤਾਂ ਕਿ ਚਿੱਠੀ ਦੇ ਅਸਲੀ ਜਾਂ ਨਕਲੀ ਹੋਣ ਦਾ ਪਤਾ ਲੱਗ ਸਕੇ। ਮੈਂ ਐਤਵਾਰ ਨੂੰ ਚਾਰਟ ਵੈੱਲ ਸ਼ੌਪਿੰਗ ਸੈਂਟਰ ਨੂੰ ਈ-ਮੇਲ ਕੀਤੀ ਜਿਸ ਵਿੱਚ ਮੈਂ ਇਸ ਚਿੱਠੀ ਦੀ ਕਾਪੀ ਭੇਜੀ ਅਤੇ ਆਪਣਾ ਫੋਨ ਨੰਬਰ ਵੀ ਭੇਜਿਆ। ਈ-ਮੇਲ ਵਿੱਚ ਮੈਂ ਲਿਖਿਆ ਕਿ ਮੇਰੇ ਨਾਲ ਛੇਤੀ ਸੰਪਰਕ ਕੀਤਾ ਜਾਵੇ। ਉਸ ਤੋਂ ਕੁੱਝ ਦਿਨ ਬਾਅਦ ਮੈਨੂੰ ਸ਼ੌਪਿੰਗ ਸੈਂਟਰ ਤੋਂ ਫੋਨ ਆਇਆ ਅਤੇ ਉਨਾਂ ਦੱਸਿਆ ਕਿ ਇਹ ਚਿੱਠੀ ਨਕਲੀ ਹੈ। ਇਹ ਚਿੱਠੀ ਨਕਲੀ ਸਾਬਤ ਹੋਈ।

ਸੋ ਜਿੱਥੇ ਸਾਡੇ ਵਾਸਤੇ ਆਪ ਧੋਖੇ ਤੋਂ ਬਚਣਾ ਜ਼ਰੂਰੀ ਹੁੰਦਾ ਹੈ ਉੱਥੇ ਹੀ ਦੂਜਿਆਂ ਨੂੰ ਧੋਖੇ ਤੋਂ ਬਚਾਉਣਾ ਵੀ ਸਾਡੀ ਜ਼ਿੰਮੇਵਾਰੀ ਹੈ।


**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
006421392147




# 'ਐਨੀਮਲ' ਨੇ ਤੋੜਿਆ 'ਪਠਾਨ' ਸਣੇ ਕਈ ਫ਼ਿਲਮਾਂ ਦਾ ਰਿਕਾਰਡ

ਬਾਲੀਵੁੱਡ ਅਦਾਕਾਰ ਰਣਬੀਰ ਕਪੂਰ ਦੀ ਮੋਸਟ ਅਵੇਟਿਡ ਫ਼ਿਲਮ 'ਐਨੀਮਲ' ਦੀ ਉਡੀਕ ਖ਼ਤਮ ਹੋ ਗਈ ਹੈ ਕਿਉਂਕਿ ਇਹ ਫ਼ਿਲਮ ਬੀਤੇ ਦਿਨੀਂ ਸਿਨੇਮਾਘਰਾਂ 'ਚ ਦਸਤਕ ਦੇ ਚੁੱਕੀ ਹੈ। ਇਸ ਫ਼ਿਲਮ ਨਾਲ ਰਣਬੀਰ ਕਪੂਰ ਪਹਿਲੀ ਵਾਰ ਰਸ਼ਮਿਕਾ ਮੰਦਾਨਾ ਨਾਲ ਨਜ਼ਰ ਆ ਰਹੇ ਹਨ। ਇਨ੍ਹਾਂ ਦੋਵਾਂ ਤੋਂ ਇਲਾਵਾ ਫ਼ਿਲਮ 'ਚ ਅਨਿਲ ਕਪੂਰ, ਬੌਬੀ ਦਿਓਲ ਅਤੇ ਤ੍ਰਿਪਤੀ ਡਿਮਰੀ ਵੀ ਅਹਿਮ ਭੂਮਿਕਾਵਾਂ 'ਚ ਹਨ। ਇਸ ਫ਼ਿਲਮ ਨੂੰ ਪਹਿਲੇ ਦਿਨ ਹੀ ਦਰਸ਼ਕਾਂ ਦਾ ਸ਼ਾਨਦਾਰ ਹੁੰਗਾਰਾ ਮਿਲਿਆ। ਫ਼ਿਲਮ ਦਾ ਕ੍ਰੇਜ਼ ਇੰਨਾ ਜ਼ਿਆਦਾ ਸੀ ਕਿ ਇਸ ਨੇ ਐਡਵਾਂਸ ਬੁਕਿੰਗ 'ਚ ਹੀ 30 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕਰ ਲਈ। ਆਓ ਜਾਣਦੇ ਹਾਂ 'ਐਨੀਮਲ' ਨੇ ਰਿਲੀਜ਼ ਦੇ ਪਹਿਲੇ ਦਿਨ ਕਿੰਨੇ ਕਰੋੜ ਦੀ ਕਮਾਈ ਕੀਤੀ ਹੈ?

ਨਿਰਦੇਸ਼ਕ ਸੰਦੀਪ ਰੈਡੀ ਵਾਂਗਾ ਦੀ 'ਐਨੀਮਲ' ਨੇ ਰਣਬੀਰ ਕਪੂਰ ਨੂੰ ਇਸ ਤਰੀਕੇ ਨਾਲ ਪਰਦੇ 'ਤੇ ਲਿਆਂਦਾ ਹੈ, ਜੋ ਅੱਜ ਤੱਕ ਕੋਈ ਹੋਰ ਫ਼ਿਲਮ ਨਹੀਂ ਕਰ ਸਕੀ। ਲੋਕਾਂ ਦਾ ਮੂਡ ਇਸ ਉਤਸ਼ਾਹ ਨਾਲ ਇੰਨਾ ਤਿਆਰ ਸੀ ਕਿ ਜਿਵੇਂ ਹੀ ਫ਼ਿਲਮ ਦੀ ਐਡਵਾਂਸ ਬੁਕਿੰਗ ਸ਼ੁਰੂ ਹੋਈ, ਟਿਕਟਾਂ ਦੀ ਵਿਕਰੀ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਈ। ਫ਼ਿਲਮ ਨੇ ਐਡਵਾਂਸ ਬੁਕਿੰਗ ਰਾਹੀਂ 34 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਸੀ।

ਟਰੇਡ ਰਿਪੋਰਟਾਂ ਦੇ ਅੰਦਾਜ਼ੇ ਤੋਂ ਪਤਾ ਲੱਗਦਾ ਹੈ ਕਿ 'ਐਨੀਮਲ' ਨੇ ਪਹਿਲੇ ਦਿਨ 60 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਸੈਕਨਿਲਕ ਮੁਤਾਬਕ 'ਐਨੀਮਲ' ਨੇ ਪਹਿਲੇ ਦਿਨ ਕਰੀਬ 61 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਕੱਲੇ ਹਿੰਦੀ ਸੰਸਕਰਣ ਤੋਂ ਫ਼ਿਲਮ ਦਾ ਕੁਲੈਕਸ਼ਨ 50 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ। ਤੇਲਗੂ ਉਦਯੋਗ 'ਚ ਆਪਣੀ ਸ਼ੁਰੂਆਤ ਕਰਨ ਵਾਲੇ ਨਿਰਦੇਸ਼ਕ ਸੰਦੀਪ ਰੈੱਡੀ ਵਾਂਗਾ ਦੀ ਫ਼ਿਲਮ ਨੂੰ ਘਰੇਲੂ ਬਾਜ਼ਾਰ ਤੋਂ ਵੀ ਫ਼ਾਇਦਾ ਹੋਇਆ ਹੈ ਅਤੇ ਤੇਲਗੂ ਸੰਸਕਰਣ ਨੇ 10 ਕਰੋੜ ਰੁਪਏ ਦੀ ਰੇਂਜ 'ਚ ਕਲੈਕਸ਼ਨ ਕੀਤੀ ਹੈ

ਫ਼ਿਲਮ ਨੇ ਹਿੰਦੀ ਭਾਸ਼ਾ 'ਚ ਪਹਿਲੇ ਦਿਨ 54.75 ਕਰੋੜ ਤੇ ਦੂਜੇ ਦਿਨ 58.37 ਕਰੋੜ ਰੁਪਏ ਦੀ ਕਮਾਈ ਕੀਤੀ ਹੈ, ਜਿਸ ਨਾਲ ਭਾਰਤ 'ਚ ਹਿੰਦੀ ਭਾਸ਼ਾ 'ਚ ਇਸ ਫ਼ਿਲਮ ਨੇ 113.12 ਕਰੋੜ ਰੁਪਏ ਕਮਾ ਲਏ ਹਨ। ਉਥੇ ਦੱਖਣ ਭਾਸ਼ਾਵਾਂ 'ਚ ਵੀ ਫ਼ਿਲਮ ਵਧੀਆ ਕਮਾਈ ਕਰ ਰਹੀ ਹੈ। ਫ਼ਿਲਮ ਨੇ ਦੱਖਣ ਭਾਸ਼ਾਵਾਂ 'ਚ ਪਹਿਲੇ ਦਿਨ 9.05 ਕਰੋੜ ਤੇ ਦੂਜੇ ਦਿਨ 8.90 ਕਰੋੜ ਰੁਪਏ ਕਮਾਏ ਤੇ ਇਸ ਦੀ ਕੁਲ ਕਮਾਈ 17.95 ਕਰੋੜ ਰੁਪਏ ਬਣਦੀ ਹੈ। ਜੇਕਰ ਹਿੰਦੀ ਤੇ ਦੱਖਣ ਭਾਸ਼ਾਵਾਂ ਦੀ ਕਮਾਈ ਨੂੰ ਮਿਲਾ ਲਿਆ ਜਾਵੇ ਤਾਂ ਭਾਰਤ 'ਚ ਫ਼ਿਲਮ ਹੁਣ ਤਕ ਨੈੱਟ 131.07 ਕਰੋੜ ਰੁਪਏ ਦੀ ਕਮਾਈ ਕਰ ਚੁੱਕੀ ਹੈ। ਇਸ ਤੋਂ ਇਲਾਵਾ ਫ਼ਿਲਮ ਦੁਨੀਆ ਭਰ 'ਚ ਕਮਾਈ ਦਾ ਰਿਕਾਰਡ ਬਣਾ ਰਹੀ ਹੈ। ਪਹਿਲੇ ਦਿਨ 'ਐਨੀਮਲ' ਫ਼ਿਲਮ ਨੇ ਵਰਲਡਵਾਈਡ 116 ਕਰੋੜ ਰੁਪਏ ਕਮਾਏ, ਜਦਕਿ ਦੂਜੇ ਦਿਨ ਫ਼ਿਲਮ ਨੇ 120 ਕਰੋੜ ਰੁਪਏ ਦੀ ਕਮਾਈ ਕੀਤੀ। ਇਸ ਦੇ ਨਾਲ ਹੀ ਫ਼ਿਲਮ ਨੇ ਦੁਨੀਆ ਭਰ 'ਚ ਸਿਰਫ਼ ਦੋ ਦਿਨਾਂ ਅੰਦਰ 236 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ। ਫ਼ਿਲਮ ਦੀ ਕਮਾਈ ਦੀ ਰਫ਼ਤਾਰ ਨੂੰ ਦੇਖਦਿਆਂ ਇੰਝ ਲੱਗ ਰਿਹਾ ਹੈ ਕਿ ਇਹ ਫ਼ਿਲਮ ਆਪਣੇ ਪਹਿਲੇ ਹਫ਼ਤੇ ਅੰਦਰ ਹੀ 500 ਕਰੋੜ ਰੁਪਏ ਦੇ ਕਲੱਬ 'ਚ ਸ਼ਾਮਲ ਹੋ ਸਕਦੀ ਹੈ।

ਫ਼ਿਲਮ ਨੇ ਦੁਨੀਆ ਭਰ 'ਚ ਸਿਰਫ਼ 3 ਦਿਨਾਂ ਅੰਦਰ 356 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ। ਫ਼ਿਲਮ ਨੇ ਦੁਨੀਆ ਭਰ 'ਚ ਪਹਿਲੇ ਦਿਨ 116 ਕਰੋੜ, ਦੂਜੇ ਦਿਨ 120 ਕਰੋੜ ਤੇ ਤੀਜੇ ਦਿਨ ਵੀ 120 ਕਰੋੜ ਰੁਪਏ ਦੀ ਕਮਾਈ ਕੀਤੀ ਹੈ।

ਦੱਸ ਦੇਈਏ ਕਿ 'ਏ' ਸਰਟੀਫਿਕੇਟ ਮਿਲਣ ਦੇ ਬਾਵਜੂਦ ਇਸ ਫ਼ਿਲਮ ਨੇ ਪਹਿਲੇ 3 ਦਿਨਾਂ ਦੀ ਕਲੈਕਸ਼ਨ ਦੇ ਮਾਮਲੇ 'ਚ ਸ਼ਾਹਰੁਖ਼ ਖ਼ਾਨ ਦੀ ਫ਼ਿਲਮ 'ਪਠਾਨ' ਨੂੰ ਪਿੱਛੇ ਛੱਡ ਦਿੱਤਾ ਹੈ। ਭਾਰਤ 'ਚ 'ਐਨੀਮਲ' ਫ਼ਿਲਮ ਨੇ ਹਿੰਦੀ ਭਾਸ਼ਾ 'ਚ ਹੁਣ ਤਕ 176.58 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ, ਜਦਕਿ 'ਪਠਾਨ' ਨੇ 161 ਕਰੋੜ ਰੁਪਏ ਕਮਾਏ ਸਨ ਤੇ ਪਹਿਲੇ ਨੰਬਰ 'ਤੇ 'ਜਵਾਨ' ਫ਼ਿਲਮ ਹੈ, ਜਿਸ ਦੀ ਕਮਾਈ 180.45 ਕਰੋੜ ਰੁਪਏ ਹੈ।

ਬੀਤੇ ਦਿਨੀਂ ਨਿਰਮਾਤਾਵਾਂ ਵਲੋਂ ਮੁੰਬਈ 'ਚ ਫ਼ਿਲਮ ਦੀ ਖ਼ਾਸ ਸਕ੍ਰੀਨਿੰਗ ਰੱਖੀ ਸੀ, ਜਿਸ ਫ਼ਿਲਮ ਦੀ ਸਟਾਰ ਕਾਸਟ ਰਣਬੀਰ ਕਪੂਰ, ਅਨਿਲ ਕਪੂਰ ਅਤੇ ਬੌਬੀ ਦਿਓਲ ਆਪਣੇ ਪਰਿਵਾਰਾਂ ਨਾਲ ਪਹੁੰਚੇ ਸਨ। ਇਨ੍ਹਾਂ ਤੋਂ ਇਲਾਵਾ ਬਾਲੀਵੁੱਡ ਦੀਆਂ ਵੱਡੀਆਂ ਹਸਤੀਆਂ ਵੀ ਪਹੁੰਚੀਆਂ ਸਨ। ਫ਼ਿਲਮ ਦੇਖਣ ਤੋਂ ਬਾਅਦ ਅਦਾਕਾਰਾ ਆਲੀਆ ਭੱਟ ਅਤੇ ਨੀਤੂ ਕਪੂਰ ਨੇ ਆਪਣੀ ਪ੍ਰਤੀਕਿਰਿਆ ਵੀ ਦਿੱਤੀ।

**ਆਲੀਆ ਭੱਟ ਤੇ ਨੀਤੂ ਕਪੂਰ ਨੇ ਆਖੀ ਇਹ ਗੱਲ** ਸੰਦੀਪ ਰੈਡੀ ਵਾਂਗਾ ਦੁਆਰਾ ਨਿਰਦੇਸ਼ਿਤ ਐਕਸ਼ਨ ਕ੍ਰਾਈਮ ਥ੍ਰਿਲਰ ਫ਼ਿਲਮ 'ਐਨੀਮਲ' 'ਚ ਰਣਬੀਰ ਕਪੂਰ ਦਾ ਹਿੰਸਕ ਕਿਰਦਾਰ ਵੇਖਣ ਨੂੰ ਮਿਲ ਰਿਹਾ ਹੈ। ਅੱਜ ਇਹ ਫ਼ਿਲਮ ਵੱਡੇ ਪਰਦੇ 'ਤੇ ਰਿਲੀਜ਼ ਹੋਈ ਹੈ। ਥੀਏਟਰ ਤੋਂ ਬਾਹਰ ਨਿਕਲਦੇ ਸਮੇਂ ਆਲੀਆ ਭੱਟ ਨੂੰ ਮੀਡੀਆ ਨੇ ਘੇਰਾ ਪਾ ਲਿਆ। ਇਸ ਮਗਰੋਂ ਜਦੋਂ ਉਸ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਇਹ ਫ਼ਿਲਮ ਕਿਵੇਂ ਪਸੰਦ ਆਈ ਤਾਂ ਆਲੀਆ ਨੇ ਸਭ ਤੋਂ ਪਹਿਲਾਂ ਇੱਕ ਵੱਡੀ ਮੁਸਕੁਰਾਹਟ ਦਿੱਤੀ ਅਤੇ ਕਿਹਾ- ਬਹੁਤ ਵਧੀਆ। ਇਸ ਤੋਂ ਬਾਅਦ ਅਦਾਕਾਰਾ ਨੇ ਫਿਰ 'ਡੇਂਜਰਸ' ਕਿਹਾ। ਮਾਂ ਨੀਤੂ ਕਪੂਰ ਨੇ ਹੱਸਦੇ ਹੋਏ ਠਹੁਮਬ ਦਿਖਾਇਆ।

**ਆਲੀਆ ਦੀ ਟੀ-ਸ਼ਰਟ ਨੇ ਆਕਰਸ਼ਿਤ ਕੀਤੇ ਲੋਕ**

ਆਲੀਆ ਭੱਟ ਆਪਣੇ ਖ਼ਾਸ ਦਿਨ 'ਤੇ ਆਪਣੇ ਪਤੀ ਰਣਬੀਰ ਕਪੂਰ ਦਾ ਸਮਰਥਨ ਕਰਦੀ ਦਿਸੀ। ਉਹ ਬਹੁਤ ਹੀ ਸਟਾਈਲਿਸ਼ ਅੰਦਾਜ਼ 'ਚ ਸਕ੍ਰੀਨਿੰਗ 'ਤੇ ਪਹੁੰਚੀ। ਇਸ ਦੌਰਾਨ ਉਸ ਨੇ ਕਾਲੀ ਪੈਂਟ ਅਤੇ ਬਲੈਕ ਬਲੇਜ਼ਰ ਪਾਇਆ ਹੋਇਆ ਸੀ। ਇਸ ਦੇ ਨਾਲ ਹੀ ਆਲੀਆ ਦੁਆਰਾ ਪਹਿਨੀ ਗਈ ਟੀ-ਸ਼ਰਟ 'ਤੇ ਰਣਬੀਰ ਦੀ ਜਾਨਵਰਾਂ ਨਾਲ ਜੁੜੀ ਤਸਵੀਰ ਵੀ ਸੀ। ਉਸ ਦੀ ਇਸ ਟੀ-ਸ਼ਰਟ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ।

**ਬਦਲੇ ਦੀ ਅੱਗ 'ਚ ਰਣਬੀਰ ਉਤਰਦਾ ਹੈ ਖ਼ੂਨੀ ਖੇਡ 'ਚ**

'ਐਨੀਮਲ' ਇੱਕ ਐਕਸ਼ਨ ਥ੍ਰਿਲਰ ਫ਼ਿਲਮ ਹੈ, ਜਿਸ 'ਚ ਰਣਬੀਰ ਕਪੂਰ, ਅਨਿਲ ਕਪੂਰ, ਬੌਬੀ ਦਿਓਲ, ਰਸ਼ਮਿਕਾ ਮੰਦਾਨਾ ਅਤੇ ਤ੍ਰਿਪਤੀ ਡਿਮਰੀ ਮੁੱਖ ਭੂਮਿਕਾਵਾਂ 'ਚ ਹਨ। ਇਸ ਫ਼ਿਲਮ ਨਾਲ ਰਣਬੀਰ ਕਪੂਰ ਪਹਿਲੀ ਵਾਰ ਰਸ਼ਮਿਕਾ ਮੰਦਾਨਾ ਨਾਲ ਨਜ਼ਰ ਆ ਰਹੇ ਹਨ।

ਫ਼ਿਲਮ 'ਚ ਬਾਪ-ਬੇਟੇ ਦਾ ਰਿਸ਼ਤਾ ਬਾਕੀ ਰਿਸ਼ਤਿਆਂ ਨਾਲੋਂ ਕਾਫੀ ਵੱਖਰਾ ਤੇ ਗੂੜ੍ਹਾ ਹੁੰਦਾ ਹੈ। ਇੰਨਾ ਗੂੜ੍ਹਾ ਕਿ ਰਣਬੀਰ ਆਪਣੇ ਪਿਤਾ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਬਦਲੇ ਦੀ ਅੱਗ 'ਚ ਉਹ ਅਜਿਹੀ ਖ਼ੂਨੀ ਖੇਡ 'ਚ ਉਤਰਦੇ ਹਨ, ਜਿੱਥੇ ਹਰ ਪਾਸੇ ਸਿਰਫ ਤੇ ਸਿਰਫ ਮਾਰ-ਧਾੜ ਅਤੇ ਡਰ ਹੁੰਦਾ ਹੈ।



# ਠਾਕਰ ਦਾ ਖੂਹ

(ਸੁਰਜੀਤ ਤਲਵਾਰ)



ਜੋਖੂ ਨੇ ਲੋਟਾ ਮੂੰਹ ਨਾਲ ਲਾਇਆ ਤਾਂ ਸਖ਼ਤ ਬਦਬੂ ਆਈ। ਗੰਗੀ ਨੂੰ ਬੋਲਿਆ ਇਹ ਕਿਹੋ ਜਿਹਾ ਪਾਣੀ ਹੈ? ਮਾਰੇ ਸੜਿਹਾਂਦ ਦੇ ਪੀਤਾ ਨਹੀਂ ਜਾਂਦਾ। ਗਲ਼ਾ ਸੁੱਕਿਆ ਜਾ ਰਿਹਾ ਹੈ ਅਤੇ ਤੂੰ ਸੜਿਆ ਹੋਇਆ ਪਾਣੀ ਪਿਆ ਦਿੰਨੀ ਐਂ।

ਗੰਗੀ ਹਰ ਰੋਜ਼ ਸ਼ਾਮ ਨੂੰ ਪਾਣੀ ਭਰ ਲਿਆ ਕਰਦੀ ਸੀ। ਖੂਹ ਦੂਰ ਸੀ, ਵਾਰ-ਵਾਰ ਜਾਣਾ ਮੁਸ਼ਕਲ ਸੀ। ਕੱਲ੍ਹ ਉਹ ਪਾਣੀ ਲਿਆਈ, ਤਾਂ ਉਸ ਵਿੱਚ ਦੁਰਗੰਧ ਉਕਾ ਹੀ ਨਹੀ ਸੀ, ਅੱਜ ਪਾਣੀ ਵਿੱਚ ਦੁਰੰਗਧ ਕਿਵੇਂ? ਲੋਟਾ ਨੱਕ ਨਾਲ ਲਾਇਆ ਤਾਂ ਸੱਚੀਂ ਮੁੱਚੀਂ ਬਦਬੂ ਮਾਰ ਰਹੀ ਸੀ। ਜ਼ਰੂਰ ਕੋਈ ਜਾਨਵਰ ਖੂਹ ਵਿੱਚ ਡਿੱਗਕੇ ਮਰ ਗਿਆ ਹੋਵੇਗਾ, ਪਰ ਹੋਰ ਪਾਣੀ ਆਵੇ ਕਿੱਥੋਂ?

ਠਾਕਰ ਦੇ ਖੂਹ ਤੇ ਚੜ੍ਹਨ ਕੌਣ ਦੇਵੇਗਾ। ਦੂਰੋਂ ਹੀ ਲੋਕ ਡਾਂਟਣ ਲੱਗ ਜਾਣਗੇ। ਸਾਹੂ ਦਾ ਖੂਹ ਪਿੰਡ ਦੇ ਉਸ ਪਾਰ ਹੈ, ਪ੍ਰੰਤੂ ਉਥੋਂ ਵੀ ਪਾਣੀ ਕੌਣ ਭਰਨ ਦੇਵੇਗਾ? ਚੌਥਾ ਖੂਹ ਪਿੰਡ ਵਿੱਚ ਹੈ ਨਹੀਂ।

ਜੋਖੂ ਕਈ ਦਿਨਾਂ ਤੋਂ ਬਿਮਾਰ ਹੈ। ਕੁੱਝ ਦੇਰ ਤੱਕ ਤਾਂ ਪਿਆਸ ਨੂੰ ਰੋਕੀਂ, ਚੁੱਪ ਪਿਆ ਰਿਹਾ, ਫੇਰ ਬੋਲਿਆ ਹੁਣ ਤਾਂ ਮਾਰੇ ਪਿਆਸ ਦੇ ਰਹਿਆ ਨਹੀਂ ਜਾਂਦਾ। ਲਿਆ ਦੋ ਘੁੱਟ ਪਾਣੀ ਨੱਕ ਬੰਦ ਕਰਕੇ ਪੀ ਲਵਾਂ।

ਗੰਗੀ ਨੇ ਪਾਣੀ ਨਾ ਦਿੱਤਾ। ਖ਼ਰਾਬ ਪਾਣੀ ਪੀਣ ਨਾਲ ਬਿਮਾਰੀ ਵੱਧ ਜਾਵੇਗੀ ਐਨਾ ਤਾਂ ਉਹ ਜਾਣਦੀ ਸੀ, ਪ੍ਰੰਤੂ ਇਹ ਨਹੀਂ ਜਾਣਦੀ ਸੀ ਕਿ ਪਾਣੀ ਉਬਾਲ ਦੇਣ ਨਾਲ ਉਸਦੀ ਖ਼ਰਾਬੀ ਖ਼ਤਮ ਹੋ ਜਾਂਦੀ ਹੈ। ਬੋਲੀ ਇਹ ਪਾਣੀ ਕਿਵੇਂ ਪੀਵੋਂਗੇ? ਨਾ ਜਾਣੇ ਕਿਹੜਾ ਜਾਨਵਰ ਮਰਿਆ ਹੈ। ਖੂਹ ਤੋਂ ਮੈਂ ਦੂਜਾ ਪਾਣੀ ਲਿਆ ਦਿੰਦੀ ਹਾਂ।

ਜੋਖੂ ਨੇ ਹੈਰਾਨੀ ਨਾਲ ਉਸ ਵੱਲੀਂ ਵੇਖਿਆ- ਹੋਰ ਪਾਣੀ ਕਿੱਥੋਂ ਲਿਆਏਂਗੀ?

"ਠਾਕਰ ਅਤੇ ਸਾਹੂ ਦੇ ਦੋ ਖੂਹ ਹਨ ਤਾਂ ਸਹੀ। ਕੀ ਇੱਕ ਲੋਟਾ ਪਾਣੀ ਨਾ ਭਰਨ ਦੇਣਗੇ?"

"ਹੱਥ ਪੈਰ ਤੁੜਵਾ ਆਏਂਗੀ ਹੋਰ ਕੁੱਝ ਨਹੀਂ ਹੋਵੇਗਾ। ਚੁੱਪ ਕਰਕੇ ਬੈਠ ਜਾ। ਬ੍ਰਹਮਾ ਦੇਵਤਾ ਅਸ਼ੀਰਵਾਦ ਦੇਣਗੇ, ਮਿਹਰ ਕਰਨਗੇ, ਠਾਕਰ ਲਾਠੀ ਮਾਰਨਗੇ, ਸਾਹੂ ਜੀ ਇੱਕ ਦੇ ਪੰਜ ਲੈਣਗੇ। ਗਰੀਬਾਂ ਦਾ ਦਰਦ ਕੌਣ ਸਮਝਦਾ ਹੈ! ਅਸੀਂ ਤਾਂ ਮਰ ਵੀ ਜਾਂਦੇ ਹਾਂ, ਤਾਂ ਕੋਈ ਬੂਹੇ ਤੇ ਝਾਕਣ ਵੀ ਨਹੀਂ ਆਉਂਦਾ, ਮੋਢਾ ਦੇਣਾ ਤਾਂ ਬਹੁਤ ਵੱਡੀ ਗੱਲ ਐ। ਇਹੋ ਜਿਹੇ ਲੋਕ ਖੂਹ ਤੋਂ ਪਾਣੀ ਭਰਨ ਦੇਣਗੇ?"

ਇਹਨਾਂ ਸ਼ਬਦਾਂ ਵਿਚ ਕੌੜਾ ਸੱਚ ਸੀ। ਗੰਗੀ ਕੀ ਜਵਾਬ ਦਿੰਦੀ, ਪ੍ਰੰਤੂ ਉਸਨੇ ਉਹ ਬਦਬੂਦਾਰ ਪਾਣੀ ਪੀਣ ਲਈ ਨਾ ਦਿੱਤਾ।

-2-

ਰਾਤ ਦੇ ਨੌਂ ਵੱਜੇ ਸਨ। ਥੱਕੇ ਹਾਰੇ ਮਜ਼ਦੂਰ ਤਾਂ ਸੌ ਚੁੱਕੇ ਸਨ, ਠਾਕਰ ਦੇ ਦਰਵਾਜੇ ਤੇ ਦਸ ਪੰਜ ਬੇਫ਼ਿਕਰੇ ਮੌਜ਼ੂਦ ਸਨ। ਮੈਦਾਨੀ ਬਹਾਦਰੀ ਦਾ ਹੁਣ ਨਾ ਜ਼ਮਾਨਾ ਰਿਹਾ ਹੈ, ਨਾ ਮੌਕਾ। ਕਾਨੂੰਨੀ ਬਹਾਦਰੀ ਦੀਆਂ ਗੱਲਾਂ ਹੋ ਰਹੀਆਂ ਸਨ, ਕਿੰਨੀ ਹੁਸ਼ਿਆਰੀ ਨਾਲ ਠਾਕਰ ਨੇ ਥਾਣੇਦਾਰ ਨੂੰ ਇੱਕ ਖਾਸ ਮੁਕੱਦਮੇ ਵਿੱਚ ਰਿਸ਼ਵਤ ਦੇ ਦਿੱਤੀ ਅਤੇ ਸਾਫ਼ ਨਿੱਕਲ ਗਏ। ਕਿੰਨੀ ਅਕਲਮੰਦੀ ਨਾਲ ਇੱਕ ਮੁਕੱਦਮੇ ਦੀ ਨਕਲ ਲੈ ਆਏ। ਮੁੰਨਸ਼ੀ ਤੇ ਵਕੀਲ ਸਾਰੇ ਕਹਿੰਦੇ ਸਨ ਕਿ ਨਕਲ ਨਹੀਂ ਮਿਲ ਸਕਦੀ। ਕੋਈ ਪੰਜਾਹ ਮੰਗਦਾ, ਕੋਈ ਸੌ। ਠਾਕਰ ਨੇ ਤਾਂ ਬਿਨਾਂ ਕੌਡੀ ਖਰਚੇ ਨਕਲ ਉਡਾਤੀ, ਕੰਮ ਕਰਨ ਦਾ ਢੰਗ ਚਾਹੀਦਾ ਹੈ।

ਏਸੇ ਸਮੇਂ ਗੰਗੀ ਖੂਹ ਤੋਂ ਪਾਣੀ ਭਰਨ ਪਹੁੰਚੀ।

ਦੀਵੇ ਦੀ ਧੁੰਦਲੀ ਰੌਸ਼ਨੀ ਖੂਹ ਤੇ ਪੈ ਰਹੀ ਸੀ। ਗੰਗੀ ਖੂਹ ਦੀ ਮੌਣ ਦੀ ਆੜ ਵਿੱਚ ਬੈਠੀ ਮੌਕੇ ਦੀ ਉਡੀਕ ਕਰਨ ਲੱਗੀ। ਇਸ ਖੂਹ ਦਾ ਪਾਣੀ ਸਾਰਾ ਪਿੰਡ ਪੀਂਦਾ ਹੈ। ਕਿਸੇ ਦੇ ਲਈ ਰੋਕ ਨਹੀਂ : ਸਿਰਫ਼ ਇਹ ਊਣੇ ਲੋਕ ਨਹੀਂ ਭਰ ਸਕਦੇ।

ਗੰਗੀ ਦਾ ਵਿਦਰੋਹੀ ਮਨ, ਰਸਮੀ ਪਾਬੰਦੀਆਂ ਅਤੇ ਮਜ਼ਬੂਰੀਆਂ ਤੇ ਚੋਟਾਂ ਮਾਰਨ ਲੱਗਿਆ। ਅਸੀਂ ਕਿਉਂ ਨੀਚ ਹਾਂ ਅਤੇ ਇਹ ਲੋਕ ਕਿਉਂ ਉੱਚੇ ਹਨ? ਇਸ ਲਈ ਕਿ ਇਹ ਲੋਕ ਗਲ਼ ਵਿੱਚ ਧਾਗਾ ਪਾ ਲੈਂਦੇ ਹਨ। ਏਥੇ ਤਾਂ ਜਿੰਨੇ ਹਨ, ਇੱਕ ਤੋਂ ਇੱਕ ਛੰਟੇ ਹੋਏ ਹਨ? ਚੋਰੀ ਇਹ ਕਰਦੇ ਹਨ, ਢੋਂਗ ਫਰੇਬ ਇਹ ਕਰਦੇ ਹਨ, ਝੂਠੇ ਮੁਕੱਦਮੇ ਇਹ ਕਰਦੇ ਹਨ। ਹੁਣੇ ਹੀ ਇਸ ਠਾਕਰ ਨੇ ਤਾਂ ਉਸ ਦਿਨ ਬੇਚਾਰੇ ਗਡਰੀਏ ਦੀ ਇੱਕ ਭੇਡ ਚੋਰੀ ਕਰ ਲਈ ਸੀ ਅਤੇ ਬਾਅਦ ਵਿੱਚ ਮਾਰਕੇ ਖਾ ਗਿਆ। ਇਹਨਾਂ ਪੰਡਿਤ ਜੀ ਦੇ ਘਰੇ ਬਾਰਾਂ ਮਹੀਨੇ ਜ਼ੂਆ ਖੇਡਿਆ ਜਾਂਦਾ ਹੈ। ਇਹ ਸਾਹੂ ਜੀ ਤਾਂ ਘਿਉ ਵਿੱਚ ਤੇਲ ਮਿਲਾਕੇ ਵੇਚਦੇ ਹਨ। ਕੰਮ ਕਰਵਾ ਲੈਂਦੇ ਹਨ, ਮਜੂਰੀ ਦਿੰਦਿਆਂ ਨਾਨੀ ਮਰ ਜਾਂਦੀ ਹੈ। ਕਿਸ ਗੱਲ ਵਿੱਚ ਹਨ ਇਹ ਸਾਡੇ ਨਾਲੋਂ ਉੱਚੇ, ਹਾਂ, ਆਖਣ ਨੂੰ ਸਾਡੇ ਨਾਲੋਂ ਉੱਚੇ ਹਨ, ਅਸੀਂ ਗਲੀ-ਗਲੀ ਚਿਲਾਉਂਦੇ ਚੀਖਦੇ ਨਹੀਂ ਕਿ ਅਸੀਂ ਉੱਚੇ ਹਾਂ। ਅਸੀਂ ਉੱਚੇ ਹਾਂ। ਕਦੇ ਪਿੰਡ ਵਿੱਚ ਆ ਜਾਂਦੀ ਹਾਂ ਤਾਂ ਰਸਭਰੀਆਂ ਅੱਖਾਂ ਨਾਲ ਵੇਖਣ ਲੱਗਦੇ ਹਨ। ਕਿਵੇਂ ਸਾਰਿਆਂ ਦੀ ਛਾਤੀ ਤੇ ਸੱਪ ਲੇਟਣ ਲੱਗਦਾ ਹੈ, ਪ੍ਰੰਤੂ ਘੁਮੰਡ ਇਹ ਕਿ ਅਸੀਂ ਉੱਚੇ ਹਾਂ।

ਖੂਹ ਤੇ ਕਿਸੇ ਦੇ ਆਉਣ ਦੀ ਪੈੜ ਚਾਲ ਸੁਣਾਈ ਦਿੱਤੀ। ਗੰਗੀ ਦੀ ਛਾਤੀ ਧੱਕ-ਧੱਕ ਕਰਨ ਲੱਗੀ। ਜੇਕਰ ਦੇਖ ਲਿਆ ਤਾਂ ਗ਼ਜ਼ਬ ਹੋ ਜਾਵੇਗਾ। ਇੱਕ ਪੈਰ ਵੀ ਤਾਂ ਹੇਠਾਂ ਨਾਂ ਧਰਿਆ ਜਾਵੇ। ਉਸਨੇ ਘੜਾ ਤੇ ਰੱਸੀ ਚੁੱਕ ਲਈ ਅਤੇ ਝੁੱਕਦੀ ਝਕਾਉਂਦੀ ਇੱਕ ਦਰਖ਼ਤ ਦੀ ਹਨੇਰੀ ਛਾਂ ਵਿੱਚ ਜਾ ਖੜ੍ਹੀ ਹੋਈ। ਕਦੋਂ ਇਹਨਾਂ ਲੋਕਾਂ ਨੂੰ ਦਯਾ ਆਉਂਦੀ ਹੈ ਕਿਸੇ ਤੇ। ਬੇਚਾਰੇ ਮਹਿਗੂ ਨੂੰ ਐਨਾ ਕੁੱਟਿਆ ਕਿ ਕਈ ਮਹੀਨੇ ਲਹੂ ਥੁੱਕਦਾ ਰਿਹਾ। ਇਸ ਲਈ ਕਿ ਉਸਨੇ ਬੇਗਾਰ ਨਹੀਂ ਸੀ ਦਿੱਤੀ। ਇਸਤੇ ਵੀ ਇਹ ਲੋਕ ਉੱਚੇ ਬਣਦੇ ਹਨ।

ਖੂਹ ਤੇ ਦੋ ਔਰਤਾਂ ਪਾਣੀ ਭਰਨ ਆਈਆਂ ਸਨ। ਇਹਨਾਂ ਵਿੱਚ ਗੱਲਾਂ ਹੋ ਰਹੀਆਂ ਸਨ।

"ਖਾਣਾ ਖਾਣ ਚੱਲੀ ਸਾਂ ਕਿ ਹੁਕਮ ਹੋਇਆ ਕਿ ਤਾਜ਼ਾ ਪਾਣੀ ਭਰ ਲਿਆ। ਘੜੇ ਦੇ ਲਈ ਪੈਸੇ ਨਹੀਂ ਹਨ।"

"ਸਾਨੂੰ ਆਰਾਮ ਨਾਲ ਬੈਠੀਆਂ ਵੇਖਕੇ ਜਿਵੇਂ ਮਰਦਾਂ ਨੂੰ ਜਲਣ ਹੁੰਦੀ ਹੈ।"

"ਹਾਂ, ਇਹ ਤਾਂ ਨਾ ਹੋਇਆ ਕਿ ਗਾਗਰ ਉਠਾਕੇ ਭਰ ਲਿਆਉਂਦੇ। ਬਸ, ਹੁਕਮ ਚਾੜ੍ਹ ਦਿੱਤਾ ਕਿ ਤਾਜ਼ਾ ਪਾਣੀ ਲਿਆਵੋ, ਜਿਵੇਂ ਅਸੀਂ ਲੌਂਡੀਆਂ ਹੀ ਤਾਂ ਹਾਂ।"

"ਲੌਂਡੀਆਂ ਨਹੀਂ ਤਾਂ ਹੋਰ ਕੀ ਹੈਂ ਤੂੰ? ਰੋਟੀ ਕੱਪੜਾ ਨਹੀਂ ਲੈਂਦੀ? ਦਸ-ਪੰਜ ਰੁਪਏ ਲੜ- ਝਗੜਕੇ ਲੈ ਹੀ ਲੈਂਦੀ ਹੈ। ਹੋਰ ਲੌਂਡੀਆਂ ਕਿਹੋ ਜਿਹੀਆਂ ਹੁੰਦੀਆਂ ਹਨ।"

"ਸ਼ਰਮਿੰਦਾ ਨਾ ਕਰੋ ਦੀਦੀ। ਪਲ ਭਰ ਆਰਾਮ ਕਰਨ ਨੂੰ ਜੀ ਤਰਸਕੇ ਰਹਿ ਜਾਂਦਾ ਹੈ। ਐਨਾ ਕੰਮ ਕਿਸੇ ਦੂਜੇ ਦੇ ਘਰ ਕਰ ਦਿੰਦੀ, ਤਾਂ ਇਸਤੋਂ ਵੱਧ ਸੁਖੀ ਤੇ ਆਰਾਮ ਨਾਲ ਰਹਿੰਦੀ, ਨਾਲੇ ਉਹ ਅਹਿਸਾਨ ਮੰਨਦਾ। ਏਥੇ ਕੰਮ ਕਰਦੇ ਕਰਦੇ ਮਰ ਜਾਵੋ, ਪਰ ਕਿਸੇ ਦਾ ਮੂੰਹ ਹੀ ਸਿੱਧਾ ਨਹੀਂ ਹੁੰਦਾ।"

ਦੋਵੇਂ ਪਾਣੀ ਭਰਕੇ ਚਲੀਆਂ ਗਈਆਂ। ਗੰਗੀ ਰੁੱਖ ਦੀ ਛਾਂ ਵਿੱਚੋਂ ਨਿੱਕਲੀ ਅਤੇ ਖੂਹ ਦੀ ਮੌਣ ਕੋਲੇ ਆਈ। ਬੇਫ਼ਿਕਰੇ ਵਿਹਲੜ ਚਲੇ ਗਏ ਸਨ। ਠਾਕਰ ਵੀ ਦਰਵਾਜਾ ਬੰਦ ਕਰਕੇ ਅੰਦਰ ਬਰਾਂਡੇ ਵਿੱਚ ਸੌਣ ਜਾ ਰਹੇ ਸਨ। ਗੰਗੀ ਨੇ ਪਲ ਭਰ ਸੁੱਖ ਦਾ ਸਾਹ ਲਿਆ। ਕਿਸੇ ਤਰ੍ਹਾਂ ਰਾਹ ਤਾਂ ਮੋਕਲਾ ਹੋਇਆ। ਅੰਮ੍ਰਿਤ ਚੋਰੀ ਕਰਨ ਦੇ ਲਈ ਜਿਹੜਾ ਰਾਜਕੁਮਾਰ ਕਿਸੇ ਜ਼ਮਾਨੇ ਵਿੱਚ ਗਿਆ ਸੀ, ਉਹ ਵੀ ਸ਼ਾਇਦ ਐਨੀ ਸਾਵਧਾਨੀ ਦੇ ਨਾਲ ਅਤੇ ਸੋਚ-ਸਮਝਕੇ ਨਾ ਗਿਆ ਹੋਵੇਗਾ। ਗੰਗੀ ਦੱਬੇ ਪੈਰੀਂ ਖੂਹ ਦੀ ਮੌਣ ਤੇ ਚੜ੍ਹੀ। ਜਿੱਤ ਦਾ ਇਹੋ ਜਿਹਾ ਅਹਿਸਾਸ ਉਸਨੂੰ ਪਹਿਲਾਂ ਕਦੇ ਨਹੀਂ ਹੋਇਆ ਸੀ। ਉਸਨੇ ਰੱਸੀ ਦਾ ਫ਼ੰਦਾ ਘੜੇ ਦੇ ਗਲ ਦੁਆਲੇ ਲਪੇਟਿਆ। ਖੱਬੇ ਸੱਜੇ ਚੌਕਸੀ ਨਾਲ ਵੇਖਿਆ, ਜਿਵੇਂ ਕੋਈ ਸਿਪਾਹੀ ਰਾਤ ਨੂੰ ਦੁਸ਼ਮਣ ਦੇ ਕਿਲੇ ਵਿੱਚ ਸੰਨ੍ਹ ਲਾ ਰਿਹਾ ਹੋਵੇ। ਜੇਕਰ ਇਸ ਸਮੇਂ ਉਹ ਫੜ੍ਹ ਲਈ ਗਈ, ਤਾਂ ਫੇਰ ਉਸਦੇ ਲਈ ਮਾਫ਼ੀ ਜਾਂ ਰਿਆਇਤ ਦੀ ਰੱਤੀ ਭਰ ਵੀ ਉਮੀਦ ਨਹੀਂ। ਆਖਿਰ ਨੂੰ ਦੇਵਤਿਆਂ ਨੂੰ ਧਿਆਕੇ ਉਸਨੇ ਕਲੇਜ਼ਾ ਤਕੜਾ ਕੀਤਾ ਅਤੇ ਘੜਾ ਖੂਹ ਵਿੱਚ ਲਮਕਾ ਦਿੱਤਾ।

ਘੜੇ ਨੇ ਪਾਣੀ ਵਿੱਚ ਗੋਤਾ ਲਾਇਆ, ਬਹੁਤ ਹੀ ਅਹਿਸਤਾ ਭੋਰਾ ਵੀ ਆਵਾਜ਼ ਨਾ ਹੋਈ। ਗੰਗੀ ਨੇ ਦੋ-ਚਾਰ ਹੱਥ ਛੇਤੀ-ਛੇਤੀ ਮਾਰੇ! ਘੜਾ ਖੂਹ ਦੇ ਮੂੰਹ ਤੱਕ ਆ ਪਹੁੰਚਿਆ। ਕੋਈ ਵੱਡਾ ਤਾਕਤਵਰ ਪਹਿਲਵਾਨ ਵੀ ਐਨੀ ਤੇਜ਼ੀ ਨਾਲ ਉਸਨੂੰ ਨਾ ਖਿੱਚ ਸਕਦਾ।

ਗੰਗੀ ਝੁਕੀ ਕਿ ਘੜੇ ਨੂੰ ਫੜਕੇ ਮੌਣ ਤੇ ਰੱਖੇ, ਇਕੋ ਦਮ ਠਾਕਰ ਸਾਹਿਬ ਦਾ ਦਰਵਾਜਾ ਖੁੱਲ੍ਹ ਗਿਆ। ਸ਼ੇਰ ਦਾ ਮੂੰਹ ਇਸਤੋਂ ਭਿਆਨਕ ਨਹੀਂ ਹੋਵੇਗਾ।

ਗੰਗੀ ਦੇ ਹੱਥੋਂ ਰੱਸੀ ਛੁੱਟ ਗਈ। ਰੱਸੀ ਦੇ ਨਾਲ ਘੜਾ ਪਾਣੀ ਧੜੰਮ ਦੇ ਕੇ ਡਿੱਗਿਆ ਅਤੇ ਕੁੱਝ ਦੇਰ ਤੱਕ ਪਾਣੀ ਵਿੱਚੋਂ ਹਲਕੋਰੇ ਦੀਆਂ ਆਵਾਜ਼ਾਂ ਸੁਣਾਈ ਦਿੰਦਿਆਂ ਰਹੀਆਂ।

ਠਾਕਰ, "ਕੌਣ ਹੈ, ਕੌਣ ਹੈ? ਪੁਕਾਰਦਾ ਹੋਇਆ ਖੂਹ ਦੇ ਵੱਲ ਨੂੰ ਆ ਰਿਹਾ ਸੀ ਅਤੇ ਗੰਗੀ ਮੌਣ ਤੋਂ ਉੱਤਰਕੇ ਭੱਜੀ ਜਾ ਰਹੀ ਸੀ।

ਘਰ ਪਹੁੰਚਕੇ ਵੇਖਿਆ ਕਿ ਜੋਖੂ ਲੋਟਾ ਮੂੰਹ ਨਾਲ ਲਈ ਉਹੀ ਮੈਲਾ-ਕੁਚੈਲਾ ਪਾਣੀ ਪਾ ਰਿਹਾ ਹੈ।

(ਨੋਟ : ਸੱਭ ਤੋਂ ਪਹਿਲਾਂ ਹਿੰਦੀ ਹਫ਼ਤਾਵਾਰੀ 'ਜਾਗਰਣ', ਅਗਸਤ 1932 ਵਿੱਚ ਪ੍ਰਕਾਸ਼ਿਤ ਹੋਈ।)

# ਰਾਜਸਥਾਨ ਚੋਣਾਂ : ਹਾਰ ਤੋਂ ਬਾਅਦ ਅਸ਼ੋਕ ਗਹਿਲੋਤ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਦਿੱਤਾ ਅਸਤੀਫਾ



ਨਵੀਂ ਦਿੱਲੀ- ਚੋਣ ਨਤੀਜਿਆਂ 'ਚ ਕਾਂਗਰਸ ਪਾਰਟੀ ਨੂੰ ਵੱਡਾ ਨੁਕਸਾਨ ਝੱਲਣਾ ਪਿਆ।ਰਾਜਸਥਾਨ 'ਚ ਅਸ਼ੋਕ ਗਹਿਲੋਤ ਅਤੇ ਛੱਤੀਸਗੜ੍ਹ 'ਚ ਭੂਪੇਸ਼ ਬਘੇਲ ਦੀ ਸਰਕਾਰ ਡਿੱਗ ਗਈ।ਇਥੇ ਭਾਜਪਾ ਨੇ ਬਾਜ਼ੀ ਮਾਰ ਲਈ ਹੈ।ਉਥੇ ਹੀ ਮੱਧ ਪ੍ਰਦੇਸ਼ 'ਚ ਸਰਕਾਰ ਬਣਾਉਣ ਦੀ ਆਸ ਦੇਖ ਰਹੀ ਪਾਰਟੀ ਨੂੰ ਤਕੜਾ ਝਟਕਾ ਲੱਗਾ ਹੈ।ਰਾਹੁਲ ਗਾਂਧੀ ਵੱਲੋਂ ਇਸ ਹਾਰ 'ਤੇ ਪ੍ਰਤੀਕਿਰਿਆ ਆਈ ਹੈ। ਉਨ੍ਹਾਂ ਕਿਹਾ ਕਿ ਅਸੀਂ ਨਿਮਰਤਾ ਨਾਲ ਫਤਵਾ ਸਵੀਕਾਰ ਕਰਦੇ ਹਾਂ।ਵਿਚਾਰਧਾਰਾ ਦੀ ਲੜਾਈ ਜਾਰੀ ਰਹੇਗੀ।ਤੇਲੰਗਾਨਾ 'ਚ ਕਾਂਗਰਸ ਪਹਿਲੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ।ਇਸ 'ਤੇ ਉਨ੍ਹਾਂ ਕਿਹਾ ਕਿ ਪ੍ਰਜਾਲੂ ਤੇਲੰਗਾਨਾ ਬਣਾਉਣ ਦਾ ਵਾਅਦਾ ਅਸੀਂ ਜ਼ਰੂਰ ਪੂਰਾ ਕਰਾਂਗੇ।

ਰਾਹੁਲ ਗਾਂਧੀ ਨੇ ਸੋਸ਼ਲ ਸਾਈਟ 'ਐਕਸ' 'ਤੇ ਤਿੰਨ ਸੂਬਿਆਂ 'ਚ ਹਾਰ ਸਵੀਕਾਰ ਕੀਤੀ ਹੈ।ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੇ ਫਤਵੇ ਨੂੰ ਨਿਮਰਤਾ ਨਾਲ ਸਵੀਕਾਰ ਕਰਦੇ ਹਾਂ- ਵਿਚਾਰਧਾਰਾ ਦੀ ਲੜਾਈ ਜਾਰੀ ਰਹੇਗੀ।ਮੈਂ ਤੇਲੰਗਾਨਾ ਦੇ ਲੋਕਾਂ ਦਾ ਬਹੁਤ ਧੰਨਵਾਦੀ ਹਾਂ।ਅਸੀਂ ਪ੍ਰਜਾਲੂ ਤੇਲੰਗਾਨਾ ਬਣਾਉਣ ਦਾ ਵਾਅਦਾ ਜ਼ਰੂਰ ਪੂਰਾ ਕਰਾਂਗੇ। ਸਾਰੇ ਵਰਕਰਾਂ ਦਾ ਉਨ੍ਹਾਂ ਦੀ ਮਿਹਨਤ ਅਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ।

ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਚੋਣਾਂ 'ਚ ਮਿਲੀ ਕਰਾਰੀ ਹਾਰ ਤੋਂ ਬਾਅਦ ਰਾਜ ਭਵਨ ਪਹੁੰਚ ਕੇ ਰਾਜਪਾਲ ਕਲਰਾਜ ਮਿਸ਼ਰਾ ਨੂੰ ਮੁੱਖ ਮੰਤਰੀ ਅਹੁਦੇ ਤੋਂ ਆਪਣਾ ਅਸਤੀਫਾ ਸੌਂਪਿਆ।ਜ਼ਿਕਰਯੋਗ ਹੈ ਕਿ ਸੂਬੇ ਦੀਆਂ 199 ਸੀਟਾਂ ਲਈ ਐਤਵਾਰ ਨੂੰ ਵੋਟਾਂ ਦੀ ਗਿਣਤੀ ਹੋਈ।ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 116 ਅਤੇ ਕਾਂਗਰਸ ਨੇ 68 ਸੀਟਾਂ ਜਿੱਤੀਆਂ। ਸੂਬੇ ਦੀਆਂ 200 ਸੀਟਾਂ 'ਚੋਂ 199 ਸੀਟਾਂ ਲਈ 25 ਨਵੰਬਰ ਨੂੰ ਵੋਟਿੰਗ ਹੋਈ ਸੀ।

ਇਸ ਤੋਂ ਪਹਿਲਾਂ ਰਾਜਸਥਾਨ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਯਕੀਨੀ ਜਾਪਦੀ ਸੀ।ਅਸ਼ੋਕ ਗਹਿਲੋਤ ਨੇ ਚੋਣ ਨਤੀਜਿਆਂ ਨੂੰ "ਅਚਨਚੇਤ" ਦੱਸਦਿਆਂ ਕਿਹਾ ਸੀ ਕਿ ਉਹ ਇਸ ਨੂੰ "ਨਿਮਰਤਾ ਨਾਲ" ਸਵੀਕਾਰ ਕਰਦੇ ਹਨ।ਕਾਂਗਰਸ ਨੇਤਾ ਨੇ 'ਐਕਸ' 'ਤੇ ਲਿਖਿਆ, ''ਅਸੀਂ ਰਾਜਸਥਾਨ ਦੇ ਲੋਕਾਂ ਦੁਆਰਾ ਦਿੱਤੇ ਫਤਵੇ ਨੂੰ ਨਿਮਰਤਾ ਨਾਲ ਸਵੀਕਾਰ ਕਰਦੇ ਹਾਂ।ਇਹ ਹਰ ਕਿਸੇ ਲਈ ਅਚਾਨਕ ਨਤੀਜਾ ਹੈ।

ਗਹਿਲੋਤ ਨੇ ਕਿਹਾ, ''ਮੈਂ ਨਵੀਂ ਸਰਕਾਰ ਨੂੰ ਸ਼ੁੱਭਕਾਮਨਾਵਾਂ ਦਿੰਦਾ ਹਾਂ।ਉਨ੍ਹਾਂ ਨੂੰ ਮੇਰੀ ਸਲਾਹ ਹੈ ਕਿ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਅਸੀਂ ਸਫ਼ਲ ਨਹੀਂ ਹੋ ਸਕੇ, ਇਸ ਦਾ ਮਤਲਬ ਇਹ ਨਹੀਂ ਕਿ ਉਹ ਸਰਕਾਰ ਆਉਣ ਤੋਂ ਬਾਅਦ ਕੰਮ ਹੀ ਨਾ ਕਰਨ।ਪੁਰਾਣੀ ਪੈਨਸ਼ਨ ਸਕੀਮ (ਓਪੀਐੱਸ), ਚਿਰੰਜੀਵੀ ਸਮੇਤ ਅਸੀਂ ਜੋ ਵੀ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਅਤੇ ਇਨ੍ਹਾਂ 5 ਸਾਲਾਂ ਵਿੱਚ ਅਸੀਂ ਰਾਜਸਥਾਨ ਨੂੰ ਜੋ ਵਿਕਾਸ ਦੀ ਗਤੀ ਦਿੱਤੀ ਹੈ, ਉਨ੍ਹਾਂ ਨੂੰ ਇਸ ਨੂੰ ਅੱਗੇ ਵਧਾਉਣਾ ਚਾਹੀਦਾ ਹੈ।''



# ਨਿਊਜ਼ੀਲੈਂਡ ਦੇ ਲੋਕਾਂ ਦੇ ਸੰਘਰਸ਼ ਦੇ ਤੌਰ 'ਤੇ ਕੀਵੀਸੇਵਰ ਦੀ ਮੁਸ਼ਕਲ ਵਾਪਸੀ ਦੁੱਗਣੀ ਹੈ

ਆਕਲੈਂਡ- ਨਿਊਜ਼ੀਲੈਂਡ ਦੇ ਲੋਕ ਪਿਛਲੇ ਸਾਲ ਦੇ ਮੁਕਾਬਲੇ ਦੁੱਗਣੀ ਦਰ 'ਤੇ ਵਿੱਤੀ ਤੰਗੀ ਦੇ ਦੌਰਾਨ ਉਹਨਾਂ ਦੀ ਮਦਦ ਕਰਨ ਲਈ ਆਪਣੀਆਂ ਖਿਸ਼ਿਓਵਰ ਸਕੀਮਾਂ ਤੋਂ ਪੈਸੇ ਕਢਵਾ ਰਹੇ ਹਨ - ਅਤੇ ਇੱਕ ਸੁਪਰਵਾਈਜ਼ਰ ਦਾ ਕਹਿਣਾ ਹੈ ਕਿ ਇਹ ਮੁੱਖ ਤੌਰ 'ਤੇ ਵਿਆਜ ਦਰਾਂ ਵਧਣ ਕਾਰਨ ਹੈ।

ਯਾਤਰਾ ਨੇ ਦੇਸ਼ ਦੇ ਆਯਾਤ ਅਤੇ ਨਿਰਯਾਤ ਵਿੱਚ ਗਿਰਾਵਟ ਦੇ ਰੁਝਾਨ ਨੂੰ ਰੋਕਿਆ ਹੈ। ਨਵੇਂ ਅੰਕੜੇ **NZ** ਡੇਟਾ ਨੇ ਦਿਖਾਇਆ ਹੈ ਕਿ ਸਤੰਬਰ 2023 ਤਿਮਾਹੀ ਲਈ ਕੁੱਲ ਨਿਰਯਾਤ $20.9 ਬਿਲੀਅਨ ਸੀ, ਜੋ ਇੱਕ ਸਾਲ ਪਹਿਲਾਂ $22.3b ਤੋਂ ਘੱਟ ਸੀ। ਆਯਾਤ ਹੋਰ ਵੀ ਘੱਟ ਗਿਆ, ਪਿਛਲੇ ਸਾਲ ਸਤੰਬਰ ਤਿਮਾਹੀ ਵਿੱਚ $30.9b ਤੋਂ ਡਿੱਗ ਕੇ $29b ਰਹਿ ਗਿਆ।

ਸਤੰਬਰ 2023 ਦੀ ਤਿਮਾਹੀ ਲਈ ਕੁੱਲ ਦੋ-ਪੱਖੀ ਵਪਾਰ $49.9b ਸੀ। ਪਰ ਯਾਤਰਾ ਤਾਜ਼ਾ ਤਿਮਾਹੀ ਵਿੱਚ ਸਟਾਰ ਵਪਾਰਕ ਪ੍ਰਦਰਸ਼ਨਕਾਰ ਸੀ. ਯਾਤਰਾ ਦੀ ਦਰਾਮਦ $1.96b ਦੀ ਸੀ, ਅਤੇ ਨਿਰਯਾਤ $2.48b। ਇਹ ਇੱਕ ਸਾਲ ਪਹਿਲਾਂ ਆਯਾਤ ਵਿੱਚ $ 1.4b ਅਤੇ ਨਿਰਯਾਤ ਵਿੱਚ $1.65b ਤੋਂ ਇੱਕ ਮਹੱਤਵਪੂਰਨ ਛਾਲ ਸੀ। ਯਾਤਰਾ ਨਿਰਯਾਤ ਨਿਊਜ਼ੀਲੈਂਡ ਵਿੱਚ ਵਸਤੂਆਂ ਅਤੇ ਸੇਵਾਵਾਂ 'ਤੇ ਵਿਦੇਸ਼ੀ ਸੈਲਾਨੀਆਂ ਦੁਆਰਾ ਖਰਚੇ ਨੂੰ ਕਵਰ ਕਰਦਾ ਹੈ।

ਸਟੈਟਸ NZ ਇੰਟਰਨੈਸ਼ਨਲ ਟਰੇਡ ਮੈਨੇਜਰ ਅਲਾਸਡੇਇਰ ਐਲਨ ਨੇ ਕਿਹਾ, "ਸਫ਼ਰੀ ਆਯਾਤ ਦਾ ਮੁੱਲ ਸਤੰਬਰ 2019 ਦੀ ਤਿਮਾਹੀ ਵਿੱਚ ਦੇਖੇ ਗਏ ਨਾਲੋਂ ਵੱਧ ਗਿਆ ਹੈ, ਜੋ ਕਿ ਪ੍ਰੀ-ਕੋਵਿਡ ਪੱਧਰਾਂ 'ਤੇ ਵਾਪਸੀ ਦਾ ਪ੍ਰਦਰਸ਼ਨ ਕਰਦਾ ਹੈ। ਯਾਤਰਾ ਨਿਰਯਾਤ ਆਮ ਤੌਰ 'ਤੇ ਮਾਰਚ ਤਿਮਾਹੀ ਵਿੱਚ ਸਿਖਰ 'ਤੇ ਹੁੰਦੇ ਹਨ, ਜੋ ਸਾਲ ਦੀ ਸਭ ਤੋਂ ਵੱਧ ਗਰਮੀ ਹੁੰਦੀ ਹੈ, ਅਤੇ ਅਜੇ ਤੱਕ ਕੋਵਿਡ ਤੋਂ ਪਹਿਲਾਂ ਦੇ ਉੱਚੇ ਪੱਧਰ 'ਤੇ ਨਹੀਂ ਪਹੁੰਚੀ ਹੈ। ANZ ਅਰਥਸ਼ਾਸਤਰੀਆਂ ਨੇ ਅੱਜ ਕਿਹਾ




ਕਿ ਨਿਰਯਾਤ ਕੀਮਤਾਂ ਪੂਰਵ ਅਨੁਮਾਨ ਨਾਲੋਂ ਥੋੜ੍ਹੀਆਂ ਵੱਧ ਹਨ, ਅਤੇ ਦਰਾਮਦ ਥੋੜ੍ਹਾ ਘੱਟ ਹੈ।

ਵੱਡੇ ਬੈਂਕ ਨੇ ਅੱਗੇ ਕਿਹਾ, "ਮਾਸ ਦੀ ਨਿਰਯਾਤ ਕੀਮਤਾਂ ਤਿਮਾਹੀ-ਦਰ-ਤਿਮਾਹੀ 1.5 ਪ੍ਰਤੀਸ਼ਤ ਘਟੀਆਂ, ਮੁੱਖ ਤੌਰ 'ਤੇ ਮਾਸ ਦੀਆਂ ਕਮਜ਼ੋਰ ਕੀਮਤਾਂ ਕਾਰਨ," ਵੱਡੇ ਬੈਂਕ ਨੇ ਅੱਗੇ ਕਿਹਾ। "ਵਸਤਾਂ ਦੀਆਂ ਦਰਾਮਦਾਂ ਦੀਆਂ ਕੀਮਤਾਂ ਤਿਮਾਹੀ-ਦਰ-ਤਿਮਾਹੀ ਵਿੱਚ 0.8 ਪ੍ਰਤੀਸ਼ਤ ਘਟੀਆਂ, ਘੱਟ ਪੈਟਰੋਲ ਦੀਆਂ ਕੀਮਤਾਂ ਕੁਝ ਹੱਦ ਤੱਕ ਖਪਤ ਵਾਲੀਆਂ ਵਸਤੂਆਂ ਦੇ ਆਯਾਤ ਲਈ ਵੱਡੀਆਂ ਕੀਮਤਾਂ ਵਿੱਚ ਵਾਧੇ ਦੁਆਰਾ ਭਰੀਆਂ ਹੋਈਆਂ ਹਨ।" ਅੰਕੜੇ NZ ਨੇ ਕਿਹਾ ਕਿ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਸਤੰਬਰ 2023 ਤਿਮਾਹੀ ਵਿੱਚ ਕੁੱਲ ਸੇਵਾਵਾਂ ਨਿਰਯਾਤ $1b ਵਧ ਕੇ $5.9b ਹੋ ਗਿਆ।

ਹੋਰ ਨਿਰਯਾਤ ਵਿੱਚ, ਆਵਾਜਾਈ ਸੇਵਾਵਾਂ $190m ਤੋਂ $879m ਤੱਕ ਅਤੇ ਦੂਰਸੰਚਾਰ ਸੇਵਾਵਾਂ $70m ਤੋਂ $497m ਤੱਕ ਸਨ। ਨਿੱਜੀ, ਸੱਭਿਆਚਾਰਕ ਅਤੇ ਮਨੋਰੰਜਨ ਸੇਵਾਵਾਂ ਦੇ ਨਿਰਯਾਤ ਦਾ ਮੁੱਲ $234m ਘਟ ਕੇ $124m ਹੋ ਗਿਆ।

ਬੀਮਾ ਅਤੇ ਪੈਨਸ਼ਨ ਸੇਵਾਵਾਂ ਦੀ ਸਾਲ-ਦਰ-ਸਾਲ ਦਰਾਮਦ $148m ਵੱਧ ਕੇ $846mਸੀ। ਦੂਰਸੰਚਾਰ ਸੇਵਾਵਾਂ $90m ਤੋਂ $897m ਵੱਧ ਗਈਆਂ, ਅਤੇ ਬੌਧਿਕ ਸੰਪੱਤੀ ਸੇਵਾਵਾਂ ਲਈ ਖਰਚੇ $36m ਵਧ ਕੇ $460m ਹੋ ਗਏ। ਨਿਊਜ਼ੀਲੈਂਡ ਨੇ ਪਿਛਲੀ ਵਾਰ ਜੂਨ 2021 ਵਿੱਚ ਵਪਾਰ ਸਰਪਲੱਸ ਦਰਜ ਕੀਤਾ ਸੀ ਪਰ ਇਸ ਸਾਲ ਦੇ ਸ਼ੁਰੂ ਵਿੱਚ ਘਾਟਾ ਘੱਟ ਗਿਆ ਸੀ।

ਤਿਮਾਹੀ-ਤਿਮਾਹੀ

ਜੂਨ 2023 ਦੀ ਤਿਮਾਹੀ ਦੇ ਮੁਕਾਬਲੇ ਤਾਜ਼ਾ ਸਤੰਬਰ ਤਿਮਾਹੀ ਵਿੱਚ, ਵਪਾਰ ਦੀਆਂ ਸ਼ਰਤਾਂ ਵਿੱਚ 0.6 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ ਕਿਉਂਕਿ ਵਸਤੂਆਂ ਦੀਆਂ ਨਿਰਯਾਤ ਕੀਮਤਾਂ ਵਿੱਚ 1.4 ਪ੍ਰਤੀਸ਼ਤ ਅਤੇ ਆਯਾਤ ਦੀਆਂ ਕੀਮਤਾਂ ਵਿੱਚ 0.8 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਅੰਕੜੇ NZ ਨੇ ਕਿਹਾ ਕਿ ਵਸਤੂਆਂ ਲਈ ਨਿਰਯਾਤ ਦੀ ਮਾਤਰਾ 5.5 ਪ੍ਰਤੀਸ਼ਤ ਅਤੇ ਆਯਾਤ ਦੀ ਮਾਤਰਾ 3.0 ਪ੍ਰਤੀਸ਼ਤ ਘਟੀ ਹੈ।

ਵਸਤੂਆਂ ਦੇ ਨਿਰਯਾਤ ਮੁੱਲ 6.0 ਪ੍ਰਤੀਸ਼ਤ ਅਤੇ ਆਯਾਤ ਮੁੱਲ 4.3 ਪ੍ਰਤੀਸ਼ਤ ਘਟੇ। ਵਪਾਰ ਦੀਆਂ ਸੇਵਾਵਾਂ ਦੀਆਂ ਸ਼ਰਤਾਂ ਵਿੱਚ 0.9 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਸੇਵਾਵਾਂ ਦੇ ਨਿਰਯਾਤ ਦੀਆਂ ਕੀਮਤਾਂ 1.3 ਪ੍ਰਤੀਸ਼ਤ ਵਧੀਆਂ, ਜਦੋਂ ਕਿ ਦਰਾਮਦ ਕੀਮਤਾਂ 2.1 ਪ੍ਰਤੀਸ਼ਤ ਵਧੀਆਂ।

# ਰੋਜ਼ਾਨਾ ਜ਼ਰੂਰਤ ਦੀਆਂ ਚੀਜ਼ਾਂ ਬਣਾਉਣ ਦੇ ਢੰਗ



## 01 ਦਹੀ ਕਿਵੇਂ ਜਮਾਇਆ ਜਾਵੇ

(ਸਮੱਗਰੀ)

1 ਲਿਟਰ ਦੁੱਧ
ਅੱਧਾ ਚਮਚਾ ਦਹੀਂ ਜਾਗ ਲਾਉਣ ਲਈ

ਵਿਧੀ : ਦੁੱਧ ਉਬਾਲਿਆ ਹੋਇਆ ਅਤੇ ਠੰਢਾ ਕੀਤਾ ਹੋਣਾ ਚਾਹੀਦਾ ਹੈ। ਦੁੱਧ ਉਪਰੋਂ ਕਰੀਮ (ਮਲਾਈ) ਲਾਹ ਲਵੋ ਅਤੇ ਦੁੱਧ ਨੂੰ ਕੋਸਾ ਜਿਹਾ ਕਰਮ ਕਰ ਲਵੋ। ਇਕ ਭਾਂਡੇ ਵਿਚ ਦਹੀਂ ਅਤੇ ਦੁੱਧ ਪਾਕੇ ਚੰਗੀ ਤਰ੍ਹਾਂ ਹਿਲਾਕੇ ਮਿਲਾ ਦੇਵੋ। ਇਸ ਬਰਤਨ ਨੂੰ ਕਿਸੇ ਗਰਮ ਅਤੇ ਨਿੱਘੀ ਜਿਹੀ ਥਾਂ ਤੇ ਢੱਕਕੇ ਰੱਖ ਦੇਵੋ। ਰਾਤ ਭਰ ਪਿਆ ਰਹਿਣ ਦੇਵੋ। ਜਦੋਂ ਇਹ ਜੰਮ ਜਾਵੇ ਤਾਂ ਵਧੀਆ ਸਿੱਟਿਆਂ ਲਈ ਇਸ ਨੂੰ ਫਰਿੱਜ਼ ਵਿਚ ਰੱਖ ਦੇਵੋ। ਸਰਦੀਆਂ ਵਿਚ ਜੇਕਰ ਮੌਸਮ ਬਹੁਤ ਠੰਢਾ ਹੋਵੇ ਤਾਂ ਦੁੱਧ ਵਾਲੇ ਬਰਤਨ ਨੂੰ ਕਿਸੇ ਊਨੀ ਗਰਮ ਕੱਪੜੇ ਵਿਚ ਲਪੇਟਕੇ ਰੱਖੋ। ਗਰਮੀਆਂ ਵਿਚ ਦਹੀਂ ਜੰਮਣ ਵਿਚ ਘੱਟ ਸਮਾਂ ਲੱਗਦਾ ਹੈ। ਦਹੀਂ ਚੰਗੀ ਤਰ੍ਹਾਂ ਜਮਾਉਣ ਦੇ ਲਈ ਕੈਸਰੋਲਾਂ ਦੀ ਵਰਤੋ ਕਰੋ ਭਾਵ ਅੱਗ ਪਰੂਫ ਬਰਤਨ ਇਸਤੇਮਾਲ ਕਰੋ।



## 02 ਘਿਉ ਕਿਵੇਂ ਬਣਾਇਆ ਜਾਵੇ

(ਸਮੱਗਰੀ)

ਘਰ ਦਾ ਬਣਾਇਆ ਮੱਖਣ

ਵਿਧੀ : ਇਕ ਸੌਸਪੈਨ ਜਾਂ ਫਰਾਇੰਗ ਪੈਨ ਵਿਚ ਮੱਖਣ ਪਾਕੇ ਘੱਟ ਸੇਕ ਤੇ ਗਰਮ ਕਰਕੇ ਪਿਘਲਾ ਲਵੋ। ਹੌਲੀ-ਹੌਲੀ ਹਿਲਾਉਂਦੇ ਹੋਏ, ਇਸਨੂੰ ਉਬਲਣ ਦੇਵੋ। ਕਰੀਬ ਅੱਧਾ ਘੰਟਾ ਮੱਖਣ ਨੂੰ ਹੌਲੀ ਉਬਲਣ ਦੇਵੋ। ਫਰਾਇੰਗ ਪੈਨ ਨੂੰ ਅੱਗ ਤੋਂ ਲਾਹ ਲਵੋ ਅਤੇ ਇਸਦੇ ਉਪਰ ਵਾਲਾ ਪਦਾਰਥ ਝੱਗ ਆਦਿ ਲਾਹ ਦੇਵੋ। ਬਾਕੀ ਬਚੇ ਘਿਉ ਨੂੰ ਦੋ ਘੰਟੇ ਠੰਢਾ ਹੋਣ ਦੇਵੋ। ਇਸ ਨੂੰ ਮਲਮਲ ਦੇ ਕੱਪੜੇ ਨਾਲ ਪੁਣ ਲਵੋ ਅਤੇ ਕੱਚਦੇ ਬਰਤਨ ਵਿਚ ਪਾਕੇ ਰੱਖੋ।



## 03 ਘਖੋਆ ਕਿਵੇਂ ਬਣਾਈਏ

(ਸਮੱਗਰੀ)

5-6 ਕੱਪ ਦੁੱਧ
ਦੋ ਨਿੰਬੂਆਂ ਦਾ ਰਸ (ਜ਼ਰੂਰੀ ਨਹੀਂ)

ਵਿਧੀ : ਭਾਰੀ ਥੱਲੇ ਵਾਲੀ ਛੋਟੀ ਕੜਾਹੀ ਵਿਚ ਦੁੱਧ ਨੂੰ ਉਬਾਲੋ। ਸੇਕ ਘੱਟ ਕਰਕੇ ਹੌਲੀ-ਹੌਲੀ ਉਬਾਲਦੇ ਰਹੋ। ਇਸਨੂੰ ਲਗਾਤਾਰ ਹਿਲਾਉਂਦੇ ਰਹੋ ਤਾਂ ਕਿ ਦੁੱਧ ਕੜਾਹੀ ਵਿਚ ਥੱਲੇ ਨਾ ਲੱਗ ਜਾਵੇ। ਜਦੋਂ ਦੁੱਧ ਵੱਧ ਗਾੜ੍ਹਾ ਹੁੰਦਾ ਜਾਵੇ ਤਾਂ ਵੱਧ ਤੇਜੀ ਨਾਲ ਹਿਲਾਵੋ। ਉਦੋਂ ਤੱਕ ਪਕਾਉਂਦੇ ਰਹੋ ਜਦੋਂ ਤੱਕ ਸਾਰਾ ਦੁੱਧ ਇਕ ਗਾੜ੍ਹਾ ਠੋਸ ਰੂਪ ਧਾਰਨ ਨਾ ਕਰ ਲਵੇ ਅਤੇ ਛਾ-ਛਾ ਦੀ ਆਵਾਜ਼ ਬੰਦ ਨਾ ਹੋ ਜਾਵੇ। ਕੜਾਹੀ ਵਿਚੋਂ ਕੱਢਕੇ ਕਿਸੇ ਬਰਤਨ ਵਿਚ ਪਾਕੇ ਇਸ ਨੂੰ ਠੰਢਾ ਹੋਣ ਦੇਵੋ। ਪੰਦਰਾਂ ਦਿਨਾਂ ਦੇ ਵਿੱਚ-ਵਿੱਚ ਇਸਨੂੰ ਵਰਤ ਲਵੋ। ਵੱਧ ਸਟਾਈਲਿਸ਼ ਖੋਆ ਬਣਾਉਣ/ਮਾਰਨ ਦੇ ਲਈ ਦੁੱਧ ਉੱਬਲ ਜਾਣ ਤੇ ਨਿੰਬੂਆਂ ਦਾ ਰਸ ਇਸ ਵਿਚ ਮਿਲਾ ਦੇਵੋ। ਇਸ ਨਾਲ ਦੁੱਧ ਫਟ ਜਾਏਗਾ। ਫੇਰ ਉਪਰੋਕਤ ਦੀ ਤਰ੍ਹਾਂ ਹੀ ਉਬਾਲਦੇ ਰਹੋ। ਬਰਫ਼ੀ ਬਣਾਉਣ ਦੇ ਲਈ ਅਕਸਰ ਇਸ ਤਰ੍ਹਾਂ ਦਾ ਖੋਆ ਹੀ ਵਰਤਿਆ ਜਾਂਦਾ ਹੈ।



## 04 ਪਨੀਰ ਕਿਵੇਂ ਬਣਾਇਆ ਜਾਵੇ

(ਸਮੱਗਰੀ)

ਇਕ ਲਿਟਰ ਦੁੱਧ
2 ਚਮਚੇ ਸਿਰਕਾ ਜਾਂ ਅੱਧਾ ਚਮਚਾ ਨਿੰਬੂ ਦਾ ਰਸ
ਜਾਂ ਨਿੰਬੂ ਦਾ ਸਤ ( ਸਾਈਟਰਿਕ ਐਸਿਡ)

ਵਿਧੀ : ਛੋਟੀ ਕੜਾਹੀ ਵਿਚ ਦੁੱਧ ਨੂੰ ਉਬਾਲੋ। ਜਦੋਂ ਇਹ ਚੰਗੀ ਤਰ੍ਹਾਂ ਉਬਲਣ ਲੱਗ ਜਾਵੇ ਤਾਂ ਇਸ ਵਿਚ ਨਿੰਬੂ ਦਾ ਰਸ ਜਾਂ ਸਿਰਕਾ ਜਾਂ ਸਾਈਟਰਿਕ ਐਸਿਡ ਮਿਲਾ ਦੇਵੋ ਅਤੇ ਇਸਨੂੰ ਹਿਲਾਉਂਦੇ ਰਹੋ। ਜੇਕਰ ਸਾਈਟਰਿਕ ਐਸਿਡ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਸ ਨੂੰ ਦੁੱਧ ਵਿਚ ਮਿਲਾਉਣ ਤੋਂ ਪਹਿਲਾਂ ਦੋ-ਤਿੰਨ ਚਮਚੇ ਪਾਣੀ ਵਿਚ ਚੰਗੀ ਤਰ੍ਹਾਂ ਘੋਲ ਲਵੋ, ਫੇਰ ਉਬਲਦੇ ਦੁੱਧ ਵਿਚ ਪਾਵੋ। ਜਦੋਂ ਦੁੱਧ ਪੂਰੀ ਤਰ੍ਹਾਂ ਫਟ ਜਾਵੇ, ਗੈਸ ਬੰਦ ਕਰ ਦੇਵੋ ਅਤੇ ਇਸਨੂੰ ਸਟੋਵ ਤੋਂ ਹੇਠਾਂ ਉਤਾਰ ਕੇ 5-7 ਮਿੰਟ ਇਕ ਪਾਸੇ ਰੱਖ ਦੇਵੋ। ਫੇਰ ਇਸਨੂੰ ਕਿਸੇ ਸੂਤੀ ਕੱਪੜੇ ਜਾਂ ਮਲਮਲ ਦੇ ਕੱਪੜੇ ਵਿਚ ਪਾਕੇ ਚੰਗੀ ਤਰ੍ਹਾਂ ਗੰਢ ਮਾਰਕੇ ਬੰਨ੍ਹ ਦੇਵੋ। ਜਦੋਂ ਪਨੀਰ ਵਿਚੋਂ ਸਾਰਾ ਪਾਣੀ ਨੁੱਚੜ ਜਾਵੇ ਤਾਂ ਇਸਨੂੰ ਇਕ ਆਇਤ ਦੇ ਆਕਾਰ ਦਾ ਬਣਾ ਲਵੋ। ਇਸਨੂੰ ਵਰਤਣ ਤੋਂ ਪਹਿਲਾਂ ਦੋ ਤਿੰਨ ਘੰਟੇ ਕੱਪੜੇ ਵਿਚ ਹੀ ਰੱਖਕੇ ਇਸ ਉਪਰ ਕੋਈ ਵਜ਼ਨਦਾਰ ਭਾਰੀ ਵਸਤੂ ਰੱਖੋ। ਬਚਿਆ ਹੋਇਆ ਜੋ ਪਨੀਰ ਵਿਚੋਂ ਨੁੱਚੜਿਆ ਸੀ ਉਸਨੂੰ ਐਵੇਂ ਹੀ ਸੁੱਟੋ ਨਾ। ਇਸ ਨਾਲ ਰੋਟੀਆਂ ਦਾ ਆਟਾ ਗੁੰਨ੍ਹ ਲਵੋ। ਇਹ ਕਾਫ਼ੀ ਪੌਸ਼ਟਿਕ ਹੁੰਦਾ ਹੈ ਰੱਖ ਦੇਵੋ। ਸਰਦੀਆਂ ਵਿਚ ਜੇਕਰ ਮੌਸਮ ਬਹੁਤ ਠੰਢਾ ਹੋਵੇ ਤਾਂ ਦੁੱਧ ਵਾਲੇ ਬਰਤਨ ਨੂੰ ਕਿਸੇ ਊਨੀ ਗਰਮ ਕੱਪੜੇ ਵਿਚ ਲਪੇਟਕੇ ਰੱਖੋ। ਗਰਮੀਆਂ ਵਿਚ ਦਹੀਂ ਜੰਮਣ ਵਿਚ ਘੱਟ ਸਮਾਂ ਲੱਗਦਾ ਹੈ। ਦਹੀਂ ਚੰਗੀ ਤਰ੍ਹਾਂ ਜਮਾਉਣ ਦੇ ਲਈ ਕੈਸਰੋਲਾਂ ਦੀ ਵਰਤੋ ਕਰੋ ਭਾਵ ਅੱਗ ਪਰੂਫ ਬਰਤਨ ਇਸਤੇਮਾਲ ਕਰੋ।



## 05 ਬੂੰਦੀ ਕਿਵੇਂ ਬਣਾਈ ਜਾਵੇ

(ਸਮੱਗਰੀ)

250 ਗ੍ਰਾਮ ਬੇਸਣ/ਛੋਲਿਆਂ ਦਾ ਆਟਾ ਕੱਪ ਪਾਣੀ
½ ਤਲਣ/ਫਰਾਈ ਕਰਨ ਦੇ ਲਈ ਲੋੜ ਅਨੁਸਾਰ
ਤੇਲ ਜਾਂ ਘਿਉ

ਵਿਧੀ : ਬੇਸਣ ਵਿਚ ਹੌਲੀ-ਹੌਲੀ ਪਾਣੀ ਪਾਕੇ ਇਸਨੂੰ ਚੰਗੀ ਤਰ੍ਹਾਂ ਘੋਲ ਲਵੋ ਤਾਂ ਕਿ ਇਸ ਵਿਚ ਗੰਢਾਂ ਨਾ ਰਹਿਣ। ਇਸਨੂੰ 10 ਮਿੰਟ ਇਸੇ ਤਰ੍ਹਾਂ ਹੀ ਪਿਆ ਰਹਿਣ ਦੇਵੋ। ਮੋਟੇ ਭਾਰੀ ਥੱਲੇ ਵਾਲੀ ਕੜਾਹੀ ਵਿਚ ਘਿਉ ਜਾਂ ਤੇਲ ਪਾ ਕੇ ਚੰਗੀ ਤਰ੍ਹਾਂ ਗਰਮ ਕਰ ਲਵੋ। ਗੋਲ ਮੋਰੀਆਂ ਵਾਲੀ ਛਾਲਣੀ ਉਪਰ ਘੋਲਿਆ ਹੋਇਆ ਬੇਸਣ ਪਾਕੇ ਤੇਲ ਵਿਚ ਛੱਡਦੇ ਰਹੋ। ਛਾਲਣੀ ਨੂੰ ਹਿਲਾਉਂਦੇ ਰਹੋ ਤਾਂ ਕਿ ਬੇਸਣ ਦੇ ਟੁਕੜੇ ਤੇਲ ਵਿਚ ਡਿੱਗਦੇ ਰਹਿਣ। ਇਕ ਸਮੇਂ ਥੋੜ੍ਹਾ ਜਿਹਾ ਬੇਸਣ ਹੀ ਲਵੋ। ਛਾਲਣੀ ਉਪਰ ਬੇਸਣ ਪਾਕੇ ਹਥੇਲੀ ਨਾਲ ਦੱਬਕੇ ਵੀ ਬੇਸਣ ਨੂੰ ਤੇਲ ਵਿਚ ਪਾਇਆ ਜਾ ਸਕਦਾ ਹੈ। ਬੂੰਦੀ ਨੂੰ ਉਲੱਦਣ ਦੇ ਲਈ ਸਾਫ਼ ਛਾਲਣੀ ਦੀ ਵਰਤੋਂ ਕਰੋ। ਜਦੋਂ ਬੂੰਦੀ ਪੱਕ ਜਾਵੇ ਤਾਂ ਛਾਲਣੀ ਨਾਲ ਬਾਹਰ ਕੱਢਕੇ ਕਿਸੇ ਅਖਬਾਰੀ ਕਾਗਜ਼ ਉਪਰ ਪਾਵੋ ਤਾਂ ਕਿ ਬਾਕੀ ਵਾਧੂ ਤੇਲ ਇਸ ਵਿਚੋਂ ਸੋਕ ਲਿਆ ਜਾਵੇ। ਪੂਰੀ ਤਰ੍ਹਾਂ ਠੰਢਾ ਹੋ ਜਾਣ ਤੇ ਇਸਨੂੰ ਕਿਸੇ ਏਅਰ-ਟਾਈਟ ਬਰਤਨ ਵਿਚ ਪਾਕੇ ਰੱਖੋ। ਲੋੜ ਅਨੁਸਾਰ ਵਰਤੋ। ਇਸਨੂੰ ਜ਼ਿਆਦਾ ਦਿਨ ਨਾ ਰੱਖੋ।



## 06 ਖੰਡ ਦੀ ਚਾਸਣੀ ਕਿਵੇਂ ਬਣਾਈਏ

(ਸਮੱਗਰੀ)

(4 ਕੱਪ ਚੀਨੀ) ( 2-3 ਕੱਪ ਪਾਣੀ) (3-4 ਚਮਚੇ ਦੁੱਧ)

ਵਿਧੀ : ਅੱਧੇ ਪਾਣੀ ਵਿਚ ਦੁੱਧ ਮਿਲਾਵੋ ਅਤੇ ਇਸ ਮਿਸਰਣ ਨੂੰ ਇਕੋ ਜਿਹੇ ਪੰਜ ਭਾਗਾਂ ਵਿਚ ਵੰਡ ਲਵੋ। ਕੜਾਹੀ ਵਿਚ ਚੀਨੀ ਪਾਕੇ ਪਾਣੀ ਵਿਚ ਘੋਲ ਲਵੋ ਅਤੇ ਇਸਨੂੰ ਉਬਾਲੋ। ਸੇਕ ਘੱਟ ਕਰ ਲਵੋ। ਪਹਿਲੇ ਉਬਾਲੇ ਦੇ ਨਾਲ ਇਸ ਵਿਚ ਦੁੱਧ ਮਿਲਿਆ ਪਾਣੀ ਪੰਜਵਾਂ ਹਿੱਸਾ ਇਸ ਵਿਚ ਮਿਲਾ ਦੇਵੋ। ਇਸ ਨੂੰ ਚੰਗੀ ਤਰ੍ਹਾਂ ਹਿਲਾ ਦੇਵੋ। ਇਸ ਉਪਰ ਆਈ ਹੋਈ ਮੈਲ ਨੂੰ ਲਾਹ ਦੇਵੋ। ਇਸਨੂੰ ਫੇਰ ਉਬਾਲੋ। ਦੂਜੇ ਉਬਾਲੇ ਨਾਲ ਇਕ ਹਿੱਸਾ ਦੁੱਧ ਵਾਲਾ ਪਾਣੀ ਮਿਲਾਕੇ, ਉਪਰ ਆਈ ਮੈਲ ਲਾਹ ਦੇਵੋ। ਇਸ ਤਰ੍ਹਾਂ ਦੁੱਧ ਵਾਲਾ ਪਾਣੀ ਮਿਲਾਉਂਦੇ ਹੋਏ ਚੀਨੀ ਉਪਰੋਂ ਮੈਲ ਲਾਹੁੰਦੇ ਰਹੋ। ਦੁੱਧ ਵਾਲੇ ਪਾਣੀ ਨਾਲ ਕੜਾਹੀ ਦੇ ਆਸੇ ਪਾਸੇ ਲੱਗੀ ਹੋਈ ਚੀਨੀ ਨੂੰ ਲਾਹ ਦੇਵੋ। ਇਸ ਤਰ੍ਹਾਂ ਚੀਨੀ ਦਾ ਸ਼ਰਬਤ ਬਣ ਜਾਏਗਾ। ਇਸ ਤੋਂ ਅਗਲੀ ਸਟੇਜ ਹੈ ਇਕ ਤਾਰ ਵਾਲੀ ਚਾਸਣੀ ਬਣਾਉਣ ਦੀ। ਇਸਦੇ ਲਈ ਸ਼ਰਬਤ ਨੂੰ ਉਬਾਲਦੇ ਰਹੋ ਜਦੋਂ ਤੱਕ ਇਸ ਸ਼ਰਬਤ ਦੀ ਇਕ ਬੂੰਦ ਤੁਹਾਡੇ ਅੰਗੂਠੇ ਅਤੇ ਤਰਜਨੀ ਉਂਗਲ ਵਿਚਕਾਰ ਇੱਕ ਤਾਰ ਨਹੀਂ ਬਣਾਉਂਦੀ ਹੈ। ਇਸ ਤਰ੍ਹਾਂ ਦੋ ਤਾਰੀ, ਤਿੰਨ ਤਾਰੀ, ਜਾਂ ਚਾਰ ਤਾਰੀ ਚਾਸਣੀ ਬਣਾਉਣ ਦੇ ਲਈ ਸ਼ਰਬਤ ਨੂੰ ਘੱਟ ਸੇਕ ਤੇ ਹੌਲੀ-ਹੌਲੀ ਉਬਾਲਦੇ ਜਾਵੋ।



## 07 ਗਾਜਰਾਂ ਦਾ ਹਲਵਾ

(ਸਮੱਗਰੀ)

| | | |
|---|---|---|
| ਲਾਲ ਗਾਜਰਾਂ | : | 500 ਗ੍ਰਾਮ |
| ਖੰਡ | : | ½ ਕੱਪ |
| ਖੋਆ | : | 200 ਗ੍ਰਾਮ |
| ਘਿਉ | : | 4 ਵੱਡੇ ਚਮਚੇ |
| ਪੀਸੀ ਹੋਈ ਛੋਟੀ ਇਲਾਇਚੀ | : | ½ ਛੋਟਾ ਚਮਚਾ |
| ਕੁਕਿੰਗ ਦਾ ਔਸਤਨ ਸਮਾਂ | : | 18 ਮਿੰਟ |

ਵਿਧੀ : ਸਜਾਵਟ ਦੇ ਲਈ ਕਾਜੂ, ਖੋਪਾ ਅਤੇ ਸੌਗੀ ਲਵੋ। ਗਾਜਰਾਂ ਨੂੰ ਛਿੱਲਕੇ ਧੋਕੇ ਕੱਦੂਕਸ਼ ਕਰ ਲਵੋ। ਇਹਨਾਂ ਨੂੰ ਮਾਈਕਰੋਵੇਵ ਓਵਨ (MWO) ਦੀ ਵੱਡੀ ਡਿਸ਼ (22-25 ਸੈਂਟੀਮੀਟਰ) ਵਿਚ ਪਾ ਲਵੋ। ਢੱਕਣ ਲਾ ਦੇਵੋ। ਓਵਨ ਵਿਚ ਰੱਖੋ। ਆਟੋ ਮੀਨੂੰ ਦੀ ਚੋਣ ਕਰਕੇ ਸਟਾਰਟ ਦਾ ਬਟਨ ਦਬਾ ਦੇਵੋ। ਬੀਪ ਦਾ ਇੰਤਜ਼ਾਰ ਕਰੋ। ਬੀਪਿੰਗ 7 ਮਿੰਟਾਂ ਬਾਦ ਸੁਣਾਈ ਦੇਵੇਗੀ। ਬੀਪ ਦੇ ਬਾਦ ਖੰਡ, ਖੋਆ, ਘਿਉ ਤੇ ਇਲਾਇਚੀ ਮਿਲਾਕੇ ਡਿਸ਼ ਵਿਚ ਇਕਸਾਰ ਫੈਲਾ ਦੇਵੋ। ਇਸਨੂੰ ਢੱਕੋ ਨਾ। ਓਵਨ ਨੂੰ ਮੁੜ ਸਟਾਰਟ ਕਰ ਦੇਵੋ। ਜਦੋਂ ਤਿਆਰ ਹੋ ਜਾਵੇ 10 ਮਿੰਟ ਏਸੇ ਤਰ੍ਹਾਂ ਹੀ ਪਿਆ ਰਹਿਣ ਦੇਵੋ। ਸੌਗੀ, ਖੋਪਾ ਅਤੇ ਕਾਜੂ ਆਦਿ ਇਸ ਉਪਰ ਭੁੱਕਕੇ ਪਰੋਸੋ। ਇਸਨੂੰ ਗਰਮ ਅਤੇ ਠੰਢਾ ਵੀ ਪਰੋਸਿਆ ਜਾ ਸਕਦਾ ਹੈ।





## 08 ਚੌਲਾਂ ਦੀ ਖੀਰ ਬਣਾਉਣਾ

(ਸਮੱਗਰੀ)

| | | |
|---|---|---|
| ਬਾਸਮਤੀ ਚੌਲ | : | 500 ਗ੍ਰਾਮ |
| ਦੁੱਧ | : | 1 ਕਿੱਲੋ |
| ਕੰਨਡੈਂਸਡ ਮਿਲਕ | : | ½ਟਿਨ |
| ਛੋਟੀ ਪੀਸੀ ਇਲਾਇਚੀ | : | ½ਛੋਟਾ ਚਮਚਾ |
| ਕੁਕਿੰਗ ਦਾ ਔਸਤਨ ਸਮਾਂ | : | 27-30 ਮਿੰਟ |

ਵਿਧੀ : ਬਾਦਾਮ, ਕਾਜੂ, ਸੌਗੀ ਆਦਿ ਸਜਾਵਟ ਦੇ ਲਈ। ਚੌਲਾਂ ਨੂੰ ਚੰਗੀ ਤਰ੍ਹਾਂ ਧੋਕੇ ਸਾਫ ਪਾਣੀ ਵਿਚ 30 ਮਿੰਟ ਤੱਕ ਭਿੱਜਣ ਦੇਵੋ। ਇਹਨਾਂ ਨੂੰ ਪਾਣੀ ਵਿਚੋਂ ਕੱਢਕੇ ਨੁੱਚੜ ਜਾਣ ਤੇ ਮਾਈਕਰੋਵੇਵ ਓਵਨ ਦੀ ਕੈਸਰੋਲ (Casseroll) ਵਿੱਚ ਪਾਕੇ ਦੁੱਧ ਮਿਲਾ ਦੇਵੋ। ਇਸਨੂੰ ਢਕੋ ਨਾ। ਓਵਨ ਵਿਚ ਰੱਖਕੇ ਸਟਾਰਟ ਦਾ ਬਟਨ ਦਬਾ ਦੇਵੋ। ਬੀਪ ਦੀ ਉਡੀਕ ਕਰੋ। ਬੀਪਿੰਗ 7 ਮਿੰਟਾਂ ਬਾਅਦ ਸੁਣਾਈ ਦੇਵੇਗੀ। ਬੀਪ ਦੇ ਬਾਦ ਇਸਨੂੰ ਚੰਗੀ ਤਰ੍ਹਾ ਹਿਲਾਕੇ ਮਿਲਾ ਲਵੋ। ਓਵਨ ਨੂੰ ਮੁੜ ਸਟਾਰਟ ਕਰੋ। ਜਦੋਂ ਖੀਰ ਰਿੱਝ ਜਾਵੇ ਤਾਂ ਇਸ ਵਿਚ ਪੀਸੀ ਛੋਟੀ ਇਲਾਇਚੀ, ਬਾਦਾਮ, ਕਾਜੂ ਅਤੇ ਸੌਗੀ ਮਿਲਾ ਲਵੋ। ਜੇਕਰ ਖੀਰ ਬਹੁਤ ਗਾੜ੍ਹੀ ਹੋਵੇ ਤਾਂ ਇਸ ਵਿਚ ਥੋੜ੍ਹਾ ਜਿਹਾ ਦੁੱਧ ਹੋਰ ਮਿਲਾ ਦੇਵੋ। ਗਰਮ ਜਾਂ ਠੰਢੀ ਖੀਰ ਪਰੋਸੋ।

# ਦਸੰਬਰ ਮਹੀਨੇ ਸ਼ਹੀਦੀ ਦਿਹਾੜਿਆਂ ਦਾ ਮਹੱਤਵ









ਪੋਹ ਦੇ ਮਹੀਨੇ ਸਾਨੂੰ ਸਭ ਨੂੰ ਸਰਦੀ ਬਹੁਤ ਸਤਾਉਂਦੀ ਹੈ, ਪਰ ਅਨੰਦਪੁਰੀ ਦੇ ਅਨੰਦਮਈ ਵਾਤਾਵਰਨ, ਅਨੰਦਪੁਰ ਦੇ 8 ਮਹੀਨੇ ਦੇ ਜ਼ਬਰਦਸਤ ਘੇਰੇ, ਅਨੰਦਪੁਰ ਨੂੰ ਛੱਡਣ, ਸਿਰਸਾ ਦੇ ਭਿਆਨਕ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦੀ ਕੱਚੀ ਗੜੀ ਤੇ ਸਰਹਿੰਦ ਦੀਆਂ ਦੀਵਾਰਾਂ ’ਚ ਸਾਹਿਬਜ਼ਾਦਿਆਂ ਦੇ ਜੀਉਂਦੇ ਚਿਣੇ ਜਾਣ ’ਤੇ ਮਾਤਾ ਗੁਜਰੀ ਜੀ ਦੀ ਠੰਢੇ ਬੁਰਜ ਦੀ ਦਾਸਤਾਨ ਨੂੰ ਪੜ੍ਹ-ਸੁਣਕੇ-ਮਨ-ਸਰੀਰ ’ਚ ਰੋਸ-ਰੋਹ ਤੇ ਜੋਸ਼ ਦੀ ਲਹਿਰ ਦੌੜਦੀ ਹੈ।

8 ਤੋਂ 13 ਪੋਹ ਦੇ ਇਹ ਦਿਨ ਸਿੱਖ ਇਤਿਹਾਸ ਦੇ ਦਰਦਮਈ-ਗੰਭੀਰ ਪ੍ਰੀਖਿਆ ਦੇ ਦਿਨ ਸਨ। ਅਨੰਦਪੁਰ ਸਾਹਿਬ ਇਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ, ਸੇਵਕਾਂ ਦੀ ਪਰਖ ਕੀਤੀ, ਪੰਜ ਸਿਰਾਂ ਦੀ ਮੰਗ ਕਰਕੇ। ਪੰਜ ਪਿਆਰਿਆਂ ਦਾ ਰੁਤਬਾ ਹਾਸਲ ਕਰਨ ਵਾਲਿਆਂ ਨੇ ਗੁਰੂ ਚਰਨਾਂ ’ਚ ਸੀਸ ਭੇਟ ਕੀਤੇ ਤੇ ਗੁਰਦੇਵ ਨੇ ਵੀ ਗੁਰਸਿੱਖਾਂ ਨਾਲ ਅਹਿਦ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਮਾ ਆਉਣ ’ਤੇ ਆਪਣਾ ਸਰਬੰਸ ਵਾਰ ਕੇ ਸੁਰਖ਼ਰੂ ਹੋਵੇਗਾ। ਇਸ ਸ਼ਹੀਦੀ ਸਪਤਾਹ ’ਚ ਗੁਰੂ ਜੀ ਨੇ ਕੀਤੇ ਕੋਲ ਨੂੰ ਪੂਰਿਆ ਕੀਤਾ।

ਸ਼ਹੀਦੀਆਂ ਦਾ ਮਹੀਨਾ ਪੋਹ ਸ਼ਹੀਦਾਂ ਦੇ ਪਵਿੱਤਰ ਖ਼ੂਨ ਨਾਲ ਲਿਖੇ ਸਿੱਖ ਇਤਿਹਾਸ ਵਿੱਚ ਹੋਈਆਂ ਸ਼ਹੀਦੀਆਂ ਦੀ ਲੜੀ ਨੂੰ ਸਮੇਂ ਦੀ ਹੱਦ ਵਿੱਚ ਰੱਖ ਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਸਿੱਖ ਇਤਿਹਾਸ ਦਾ ਕੋਈ ਵੀ ਦਿਨ ਸਹਾਦਤਾਂ ਦੀ ਗਾਥਾ ਤੋਂ ਖਾਲੀ ਨਹੀਂ ਹੈ ਪਰ ਪੋਹ ਦਾ ਮਹੀਨਾ ਸ਼ਹਾਦਤਾਂ ਦੀ ਅਜਿਹੀ ਵਿਲੱਖਣ ਇਮਾਰਤ ਨਾਲ ਲਿਖਿਆ ਜੋ ਕੁਰਬਾਨੀ, ਦ੍ਰਿੜ੍ਹਤਾ, ਬਹਾਦਰੀ ਅਤੇ ਅਣਖ ਦਾ ਸਿਖਰ ਹੈ। ਇਸ ਲਈ ਪੋਹ ਦੇ ਮਹੀਨੇ ਨੂੰ ਸ਼ਹੀਦੀਆਂ ਦਾ ਮਹੀਨਾ ਕਿਹਾ ਜਾਂਦਾ ਹੈ। ਪੋਹ ਦੇ ਇਸ ਮਹੀਨੇ ਭਾਵ ਦਸੰਬਰ 1704 ਈ: ਨੂੰ ਕਲਗੀਧਰ ਪਿਤਾ ਨੇ ਆਨੰਦਪੁਰ ਸਾਹਿਬ ਨੂੰ ਅਲਵਿਦਾ ਕਿਹਾ ਸੀ। ਸਰਸਾ ਨਦੀ ਦੇ ਕੰਢੇ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ ਸੀ। ਵੱਡੇ ਸ਼ਹਿਬਜ਼ਾਦੇ ਚਮਕੌਰ ਦੇ ਮੈਦਾਨ ਵਿੱਚ ਦੁਸ਼ਮਣਾਂ ਦੀ ਫੌਜ਼ ਨਾਲ ਲੜਦਿਆਂ ਸਮੇਂ ਸ਼ਹੀਦ ਹੋਏ ਸਨ। ਛੋਟੇ ਸ਼ਹਿਬਜ਼ਾਦੇ ਸਿੱਖੀ ਸਿਦਕ ਨਿਭਾਉਂਦਿਆਂ ਅਡੋਲ, ਬੇਖੌਫ਼ ਹੋ ਨੀਹਾਂ ਵਿੱਚ ਜੀਉਂਦੇ ਖੜ੍ਹੇ ਕੇ ਸ਼ਹੀਦੀ ਪ੍ਰਾਪਤ ਕਰ ਗਏ ਸਨ। ਮਾਸੂਮ ਸ਼ਹਿਬਜ਼ਾਦੀਆਂ ਦੀ ਬੇਮਿਸਾਲ ਸ਼ਹੀਦੀ ਦਾ ਪਤਾ ਲੱਗਣ ‘ਤੇ ਮਾਤਾ ਗੁਜ਼ਰ ਕੌਰ ਜੀ ਨੇ ਸਰਹਿੰਦ ਦੇ ਠੰਢੇ ਬੁਰਜ਼ ਵਿੱਚ ਸ਼ਹੀਦੀ ਪ੍ਰਾਪਤ ਕੀਤੀ ਸੀ। ਪੰਜ ਪਿਆਰੀਆਂ ਦਾ ਹੁਕਮ ਮੰਨ ਕੇ ਪੁੱਤਰਾਂ ਦੀਆਂ ਬੇਕੰਫਨ ਲਾਸ਼ਾਂ ਨੂੰ ਛੱਡ ਕੇ ਚਮਕੌਰ ਦੀ ਗੜ੍ਹੀ ‘ਚੋਂ ਨਿਕਲੇ ਕਲਗੀਧਰ ਵਾਲੇ ਪਾਤਸ਼ਾਹ





ਬਿਨਾ ਬਾਜ਼, ਬਿਨਾਂ ਤਾਜ ਗੁਰੂ ਪਿਤਾ ਦਾ ਜਾਮਾ ਲੀਰੋ-ਲੀਰ ਸੀ। ਪੈਰਾਂ ਵਿੱਚ ਛਾਲੇ ਸਨ। ਪੋਹ ਦੀ ਠੰਢੀ ਰਾਤ ਕੰਢਿਆਂ ਦੀ ਸੇਜ਼ ‘ਤੇ ਮਾਛੀਵਾੜਾ ਦੇ ਜੰਗਲਾਂ ਵਿੱਚ ਲੰਘਾਈ। ਫਿਰ ਵੀ ਬੜੀ ਚੜ੍ਹਦੀਕਲਾ ਨਾਲ ਅਕਾਲ ਪੁਰਖ ਦੀ ਬੰਦਗੀ ਵਿੱਚ ਸ਼ਬਦ ਉਚਾਰਿਆਂ :-

**ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ**

ਸਿੱਖ ਧਰਮ ਵਿੱਚ ਹੋਈ ਇੱਕਲੀ ਇੱਕਲੀ ਸ਼ਹਾਦਤ ਸਾਡੇ ਅੰਦਰ ਨਵਾਂ ਜੋਸ਼ ਪੈਦਾ ਕਰਦੀ ਹੈ। ਇਸ ਲਈ ਸਿੱਖੀ ਦੇ ਸਕੂਲ ਵਿੱਚ ਦਾਖਲਾ ਲੈਣ ਲਈ ਪੁਰਜਾ-ਪੁਰਜਾ ਕੱਟ ਮਰੇ ਦਾ ਪ੍ਰਣ ਲੈਣਾ ਪੈਦਾ ਹੈ। ਸ਼ਹਾਦਤਾਂ ਦੇ ਇਤਿਹਾਸ ਵਿੱਚ ਪੋਹ ਦੇ ਮਹੀਨੇ ਹੋਈਆਂ ਅਨੋਖੀਆਂ ਸ਼ਹਾਦਤਾਂ ਦੀ ਕੋਈ ਦੂਸਰੀ ਉਦਾਹਰਨ ਸੰਸਾਰ ਭਰ ਵਿੱਚ ਨਹੀਂ ਮਿਲਦੀ। ਇਸ ਕਰਕੇ ਪੋਹ ਦੇ ਮਹੀਨੇ ਨੂੰ ਸ਼ਹੀਦਾਂ ਦੀ ਯਾਦ ਦਾ ਮਹੀਨਾ ਕਿਹਾ ਜਾਂਦਾ ਹੈ। ਆਓ ਸ਼ਹੀਦੀਆਂ ਦੇ ਇਸ ਮਹੀਨੇ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਗੁਰੂ ਜੀ ਦੇ ਪਿਆਰੇ ਸ਼ਹਿਬਜਾਦਿਆਂ ਮਾਤਾ ਗੁਜ਼ਰੀ ਜੀ ਅਤੇ ਗੁਰੂ ਕੇ ਪਿਆਰੇ ਸਿੱਖਾਂ ਦੀਆਂ ਮਹਾਨ ਸ਼ਹੀਦੀਆਂ ਨੂੰ ਚੇਤੇ ਕਰੀਏ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮ ਅਨੁਸਾਰ ਵੱਧ ਤੋਂ ਵੱਧ ਨਾਮ ਸਿਮਰਨ ਕਰਦਿਆਂ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਬਹਾਦਰੀ ਅਤੇ ਸ਼ਹੀਦੀ ਦਾ ਇਤਿਹਾਸ ਦੱਸੀਏ ਕਿਉਕਿ ਸਾਡੇ ਬੱਚੇ ਹੀ ਸਾਡਾ ਆਉਣ ਵਾਲਾ ਭਵਿੱਖ ਹਨ ਜਿਹਨਾਂ ਨੇ ਪੰਥ ਲਈ ਨਵੀਆਂ ਪੁਲਾਘਾਂ ਪੁੱਟਣੀਆਂ ਹਨ।

# ਸੋਲਾਂ ਸ਼ਿੰਗਾਰ



ਲਿਪਸਟਿਕ, ਕਰੀਮ, ਪਾਊਡਰ, ਪਾਲਿਸ਼, ਰੰਗਾਂ ਨਾਲ ਕੀਤਾ ਗਿਆ ਸ਼ਿੰਗਾਰ ਕੀ ਦੁਲਹਨ ਦੇ ਅਰਮਾਨ ਭਵਿੱਖੀ-ਜੀਵਨ ਦੀ ਸੁਖ-ਸੰਪਦਾ, ਅੱਖਾਂ ਵਿਚ ਲੱਜਾ ਦੀ ਝਲਕ ਲਿਆਉਂਦਾ ਹੈ ?.... ਨਹੀਂ, ਗੌਰ ਤਲਬ ਹੈ ਕਿ ਸੋਲਾਂ ਸ਼ਿੰਗਾਰ ਦੇ ਨਾਲ ਹੀ ਬਣਦੀ ਹੈ ਸਲੋਨੀ (ਰਸੀਲੀ-ਸੁੰਦਰ) ਦੁਲਹਨ, ਇਹੋ ਹੀ ਹੈ ਆਨੰਦ-ਵਿਭੋਰ ਕਰਨ ਵਾਲੇ ਸ਼ਿਗਾਰ।

1. ਬਿੰਦੀ



ਬਿੰਦੀ ਮੱਥੇ ਉਪਰ ਤੀਜੀ ਅੱਖ ਨੂੰ ਦਰਸਾਉਂਦੀ ਹੈ। ਇਸਦਾ ਰੰਗ ਖੁਸ਼ਹਾਲੀ ਦਾ ਪ੍ਰਤੀਕ ਹੁੰਦਾ ਹੈ। ਬਿੰਦੀ ਨੂੰ ਮੱਥੇ ਦੇ ਵਿਚਕਾਰ ਲਾਇਆ ਜਾਂਦਾ ਹੈ। ਇਹ ਵਿਆਹੁਤਾ ਸੁੱਖ ਅਤੇ ਸੌਭਾਗਯ ਦਾ ਸੂਚਕ ਹੈ।

2. ਸੰਧੂਰ



ਇਸਨੂੰ ਮਾਂਗ (ਚੀਰ) ਦੇ ਦਰਮਿਆਨ ਲਾਇਆ ਜਾਂਦਾ ਹੈ। ਇਸਦਾ ਲਾਲ ਰੰਗ ਪਤੀ ਅਤੇ ਪਤਨੀ ਦੇ ਆ-ਜੀਵਨ/ਜ਼ਿੰਦਗੀ ਭਰ ਗਠਬੰਧਨ ਦਾ ਪ੍ਰਤੀਕ ਹੁੰਦਾ ਹੈ। ਇਹ ਆਖਿਆ ਜਾਂਦਾ ਹੈ ਕਿ ਮਾਂਗ ਜਾਂ ਚੀਰ ਵਿਚ ਭਰਿਆ ਹੋਇਆ ਸੰਧੂਰ ਜਿੰਨਾ ਵੱਧ ਲੰਬਾ ਹੁੰਦਾ ਹੈ, ਪਤੀ ਦੀ ਉਮਰ ਵੀ ਓਨੀ ਹੀ ਲੰਬੀ ਹੁੰਦੀ ਹੈ।

3. ਮਾਂਗ ਟਿੱਕਾ



ਇਹ ਇਕ ਗਹਿਣਾ ਹੈ। ਜਿਹੜਾ ਸੋਨੇ ਦਾ ਬਣਾਇਆ ਹੁੰਦਾ ਹੈ ਅਤੇ ਵਾਲਾਂ ਦੇ ਵਿਚਕਾਰ ਪਹਿਨਿਆ ਜਾਂਦਾ ਹੈ। ਇਹ ਵੀ ਸੁਹਾਗ ਦਾ ਇਕ ਮਹੱਤਵਪੂਰਨ ਹਿੱਸਾ ਹੈ।

4. ਸੁਰਮਾ (ਕੱਜਲ)



ਸੁਰਮੇ ਦੀ ਧਾਰੀ ਨਾਲ ਸਜੀਆਂ ਅੱਖਾਂ ਇਕ ਸੁਨੱਖਾ ਅਤੇ ਮਨਮੋਹਕ ਪ੍ਰਭਾਵ ਪਾਉਂਦੀਆਂ ਹਨ। ਕਹਿੰਦੇ ਹਨ ਕਿ ਕਾਜਲ ਅੱਖਾਂ ਨੂੰ ਸ਼ਾਦੀ ਵਿਚ ਫੇਰਿਆਂ ਦੀ ਅਗਨੀ ਦੀ ਤਪਸ਼ ਤੋਂ ਵੀ ਸੁਰੱਖਿਆ ਪ੍ਰਦਾਨ ਕਰਦਾ ਹੈ।

5. ਨੱਥ



ਇਹ ਦੇਵੀ ਪਾਰਬਤੀ ਦੇ ਸਨਮਾਨ ਵਿਚ ਪਹਿਨੀ ਜਾਂਦੀ ਹੈ ਅਤੇ ਇਹ ਪਤੀ ਨੂੰ ਲੰਬੀ ਉਮਰ ਤੰਦਰੁਸਤੀ ਖੁਸ਼ਹਾਲੀ ਪ੍ਰਦਾਨ ਕਰਦੀ ਹੈ, ਅਜਿਹੀ ਮਾਨਤਾ ਹੈ। ਇਹ ਨੱਕ ਦੇ ਬਾਹਰੀ ਕਿਨਾਰੇ ਦੀ ਸ਼ੋਭਾ ਵਧਾਉਂਦੀ ਹੈ ਅਤੇ ਮੋਤੀਆਂ ਜਾਂ ਸੋਨੇ ਦੀ ਜੰਜੀਰ ਨਾਲ ਜੁੜੀ ਹੁੰਦੀ ਹੈ। ਇਸਦੇ ਨਾਲ ਨੱਕ ਵਿਚ ਕੋਕਾ ਪਾਉਣਾ ਵੀ ਸ਼ਿੰਗਾਰ ਦਾ ਇਕ ਅਹਿਮ ਅੰਗ ਹੈ।

6. ਮੰਗਲ ਸੂਤਰ (ਹਾਰ)



ਇਹ ਗਹਿਣਾ ਗਲੇ ਵਿਚ ਪਹਿਨਿਆ ਜਾਂਦਾ ਹੈ। ਇਸਨੂੰ ਮੰਗਲਸੂਤਰ ਆਖਦੇ ਹਨ। ਮੰਗਲ ਸੂਤਰ ਦੇ ਪ੍ਰਤੀਕ ਦੇ ਰੂਪ ਵਿਚ ਹੋਰ ਹਾਰ ਵੀ ਪਹਿਨੇ ਜਾਂਦੇ ਹਨ। ਇਹ ਪਤੀ ਦੇ ਨਾਲ ਅਟੁੱਟ ਸੰਬੰਧ ਅਤੇ ਖੁਸ਼ਕਿਸਮਤੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ।

7. ਕਰਣ ਫੂਲ ਜਾਂ ਕਾਂਟੇ

ਇਹ ਕੰਨਾਂ ਦਾ ਗਹਿਣਾ ਹੈ। ਇਹ ਪਹਿਨਣ ਤੇ ਬਹੁਤ ਖੂਬਸੂਰਤ ਲੱਗਦਾ ਹੈ।



8. ਮਹਿੰਦੀ



ਸੁਹੱਪਣ ਨੂੰ ਚਾਰ ਚੰਨ ਲਾਉਣ ਦਾ ਇਹ ਇਕ ਦਿਲਕਸ਼ ਅਤੇ ਪ੍ਰੰਪਰਾਗਤ ਤਰੀਕਾ ਹੈ। ਮਹਿੰਦੀ ਨਾਲ ਹੱਥਾਂ ਤੇ ਪੈਰਾਂ ਨੂੰ ਸਜਾਇਆ ਜਾਂਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਮਹਿੰਦੀ ਪਤੀ ਭਾਵ ਬਣਨ ਵਾਲੇ ਜੀਵਨ ਸਾਥੀ ਦੇ ਲਈ ਚੰਗੀ ਕਿਸਮਤ, ਖੁਸ਼ਹਾਲੀ, ਖੁਸ਼ੀਆਂ ਅਤੇ ਪ੍ਰਸਿੱਧੀ ਲੈ ਕੇ ਆਉਂਦੀ ਹੈ। ਇਹ ਜਿੰਨੀ ਗੂੜ੍ਹੀ ਹੁੰਦੀ ਹੈ, ਵਿਆਹੁਤਾ ਜੀਵਨ ਓਨਾ ਹੀ ਸੁਖਦਾਈ, ਪ੍ਰੇਮ ਭਰਪੂਰ ਅਤੇ ਸਫਲ ਹੁੰਦਾ ਹੈ।

9. ਕੰਗਣ



ਲਾਲ ਤੇ ਹਰੇ ਰੰਗ ਦੇ ਲਾਖ ਅਤੇ ਸੋਨੇ ਦੇ ਕੰਗਣ ਅਤੇ ਚੂੜੀਆਂ ਦੁਲਹਨ ਦੇ ਲਈ ਸੌਭਾਗਯ ਤੇ ਸੁਖੀ ਜੀਵਨ ਦਾ ਪ੍ਰਤੀਕ ਮੰਨੀਆਂ ਜਾਂਦੀਆਂ ਹਨ। ਦੁਲਹਨ ਨੂੰ ਵੱਧ ਤੋਂ ਵੱਧ ਚੂੜੀਆਂ ਪਹਿਨਾਈਆਂ ਜਾਂਦੀਆਂ ਹਨ।

10. ਬਾਜੂਬੰਦ



ਬਾਜੂਬੰਦ ਨਾਲ ਬਾਂਹ ਦੇ ਉਪਰਲੇ ਭਾਗ ਨੂੰ ਸਜਾਇਆ ਜਾਂਦਾ ਹੈ। ਇਹ ਬਾਂਹ/ਡੌਲੇ ਦੇ ਚਾਰੇ ਪਾਸੇ ਬੰਨ੍ਹਿਆ ਹੁੰਦਾ ਹੈ ਅਤੇ ਇਸਨੂੰ ਬਲਾਊਜ਼ ਦੀ ਬਾਂਹ ਦੇ ਉਪਰ ਚੂੜੀ ਦੇ ਰੂਪ ਵਿਚ ਪਹਿਨਿਆ ਜਾਂਦਾ ਹੈ।

11. ਆਰਸੀ



ਇਹ ਹੱਥ ਦੇ ਅੰਗੂਠੇ ਵਿਚ ਪਹਿਨੀ ਜਾਣ ਵਾਲੀ ਅੰਗੂਠੀ (ਛਾਪ) ਹੁੰਦੀ ਹੈ, ਜਿਸ ਵਿਚ ਸੀਸਾ (ਆਇਨਾ) ਲੱਗਿਆ ਹੁੰਦਾ ਹੈ। ਇਹ ਆਖਿਆ ਜਾਂਦਾ ਹੈ ਕਿ ਇਸ ਵਿਚ ਵੇਖਕੇ ਦੁਲਹਨ ਆਪਣ ਤਰਕਸੰਗਤ ਮੁਲੰਕਣ ਕਰ ਸਕਦੀ ਹੈ। ਇਹ ਉਸਨੂੰ ਭਵਿੱਖੀ ਜੀਵਨ ਦੇ ਲਈ ਦ੍ਰਿੜਤਾ ਪ੍ਰਦਾਨ ਕਰਦਾ ਹੈ।

12. ਹੇਅਰ ਸਟਾਈਲ



ਕਿਸੇ ਵੀ ਦੁਲਹਨ ਦੇ ਵਾਲਾਂ ਦਾ ਸਟਾਈਲ ਉਸਦੀ ਪੋਸ਼ਾਕ ਤੇ ਗਹਿਣਿਆਂ ਦੇ ਨਾਲ ਢੁੱਕਵਾਂ ਭਾਵ ਮੇਲ ਖਾਂਦਾ ਹੋਣਾ ਚਾਹੀਦਾ ਹੈ। ਹੇਅਰ ਸਟਾਈਲ (ਵਾਲ ਵਾਹੁਣ) ਭਾਵੇਂ ਕੋਈ ਵੀ ਹੋਵੇ, ਪ੍ਰੰਤੂ ਉਸ ਵਿੱਚ ਖੁਸ਼ਬੂਦਾਰ ਕਲਿੱਪਾਂ/ਸੂਈਆਂ ਦੀ ਵਰਤੋਂ ਗੁੰਦਣ ਲਈ ਜ਼ਰੂਰ ਕੀਤੀ ਜਾਂਦੀ ਹੈ।

13. ਕਮਰਬੰਦ



ਕਮਰਬੰਦ ਸੋਨੇ ਦਾ ਇਕ ਬਾਰੀਕ ਕਾਰੀਗਰੀ ਨਾਲ ਬਣਿਆ ਹੋਇਆ ਗਹਿਣਾ ਹੁੰਦਾ ਹੈ। ਇਹ ਕਮਰ (ਲੱਕ) ਤੇ ਪਹਿਨਿਆ ਜਾਂਦਾ ਹੈ। ਜਦੋਂ ਦੁਲਹਨ ਆਪਣੇ ਨਵੇਂ (ਸਹੁਰੇ) ਘਰ ਜਾਂਦੀ ਹੈ ਤਾਂ ਇਹ ਨਵੇਂ ਰਿਸ਼ਤੇ ਦੇ ਰੂਪ ਵਿਚ ਉਸਨੂੰ ਮਿਲੇ ਸਤਿਕਾਰ, ਅਧਿਕਾਰ ਅਤੇ ਗੌਰਵ ਦਾ ਪ੍ਰਤੀਕ ਹੁੰਦਾ ਹੈ।

14. ਪਾਇਲ (ਪੰਜੇਬਾਂ)



ਪਾਇਲ ਪੈਰ ਦੇ ਗਿੱਟੇ ਤੇ ਪਹਿਨੀ ਜਾਂਦੀ ਹੈ। ਫੈਸ਼ਨ ਅਨੁਸਾਰ ਇਹ ਇਕ ਭਾਰੀ ਚਾਂਦੀ ਦੀ ਘੁੰਗਰੂਆਂ ਵਾਲੀ ਜੰਜੀਰ ਹੁੰਦੀ ਹੈ। ਸਭ ਤੋਂ ਵਧੀਆ ਇਹ ਹੈ ਕਿ ਜਦੋਂ ਦੁਲਹਨ ਤੁਰਦੀ ਹੈ, ਤਾਂ ਇਸ ਨਾਲ ਹੋਣ ਵਾਲੀ ਛਣ-ਛਣ ਨੂੰ ਇਸ਼ਾਰੇ ਨਾਲ ਬੁਲਾਉਣ ਦਾ ਚਿੰਨ੍ਹ ਮੰਨਿਆ ਗਿਆ ਹੈ।

15. ਬਿਛੂਆ



ਬਿਛੂਆ ਪੈਰਾਂ ਦੀਆਂ ਉਂਗਲੀਆਂ ਵਿਚ ਪਹਿਨੀਆਂ ਜਾਣ ਵਾਲੀਆਂ ਅੰਗੂਠੀਆਂ ਹਨ। ਇਹਨਾਂ ਨੂੰ ਪੈਰਾਂ ਦੀਆਂ ਸ਼ੁਰੂ ਦੀਆਂ ਤਿੰਨ ਉਂਗਲੀਆਂ ਵਿੱਚ ਪਹਿਨਿਆ ਜਾਂਦਾ ਹੈ। ਇਹਨਾਂ ਨੂੰ ਕੰਵਾਰੀਆਂ ਲੜਕੀਆਂ ਨਹੀਂ ਪਹਿਨਦੀਆਂ। ਇਹਨਾਂ ਦੀ ਤਰ੍ਹਾਂ ਹੱਥਾਂ ਦੀਆਂ ਉਂਗਲੀਆਂ ਵਿਚ ਵੀ ਛਾਪਾਂ/ਛੱਲੇ ਪਾ ਕੇ ਸ਼ਿੰਗਾਰ ਕੀਤਾ ਜਾਂਦਾ ਹੈ।

16. ਸ਼ਾਦੀ ਦਾ ਜੋੜਾ ਜਾਂ ਪੋਸ਼ਾਕ



ਦੁਲਹਨ ਦੀ ਸ਼ਾਦੀ ਦਾ ਜੋੜਾ ਸਭ ਤੋਂ ਆਖਰੀ ਤੇ ਸਭ ਤੋਂ ਮਹੱਤਵਪੂਰਨ ਸ਼ਿੰਗਾਰ ਹੈ। ਇਹ ਜੋੜਾ ਜਿਆਦਾਤਰ ਗੂੜ੍ਹੇ, ਚਟਕ ਲਾਲ ਰੰਗ ਦਾ ਹੁੰਦਾ ਹੈ। ਜਿਹੜਾ ਦਿਲਕਸ਼ ਜਰੀ ਤੇ ਕਸੀਦੇ ਦੀ ਕਢਾਈ ਨਾਲ ਸਜਾਇਆ ਹੁੰਦਾ ਹੈ। ਸ਼ਾਦੀ ਦਾ ਜੋੜਾ ਲਾਲ ਰੰਗ ਦਾ ਹੀ ਹੋਵੇ ਤਾਂ ਜਿਆਦਾ ਵਧੀਆ ਲੱਗਦਾ ਹੈ ਕਿਉਂਕਿ ਲਾਲ ਰੰਗ ਖੁਸ਼ਕਿਸਮਤੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਇਸ ਲਈ ਸੋਲਾਂ ਸ਼ਿੰਗਾਰਾਂ ਵਿਚ ਲਾਲ ਰੰਗ ਦਾ ਜੋੜਾ ਸ਼ਾਮਿਲ ਕੀਤਾ ਗਿਆ ਹੈ। ਇਹ ਜੋੜਾ ਦੁਲਹਨ ਦੇ ਸੁਹੱਪਣ-ਸ਼ਿੰਗਾਰ ਵਿਚ ਵਾਧਾ ਕਰਦਾ ਹੈ।

ਵਟਣਾ ਮਲਣਾ/ਨਹਾਈ ਧੋਈ ਕਰਨਾ



ਬੇਸਣ 75 ਗ੍ਰਾਮ + ਸਰ੍ਹੋਂ ਦਾ ਤੇਲ 25 ਗ੍ਰਾਮ + ਹਲਦੀ 25 ਗ੍ਰਾਮ ਅਤੇ ਲੋੜ ਅਨੁਸਾਰ ਪਾਣੀ ਮਿਲਾਕੇ ਵਟਣਾ ਤਿਆਰ ਕਰਕੇ ਸਾਰੇ ਸਰੀਰ ਤੇ ਚੰਗੀ ਤਰ੍ਹਾਂ ਮਲਕੇ ਇਸਨਾਨ ਕਰੋ। ਇਹ ਵਟਣਾ ਗੱਭਰੂ ਅਤੇ ਮੁਟਿਆਰਾਂ ਨੂੰ ਸ਼ਾਦੀ ਸਮੇਂ ਮਲਿਆ ਜਾਂਦਾ ਹੈ।

ਇੱਕ ਵਿਦਵਾਨ ਨੇ ਸੋਲਾਂ ਸ਼ਿੰਗਾਰਾਂ ਦਾ ਹੇਠ ਲਿਖੇ ਅਨੁਸਾਰ ਕਾਵਿਕ ਵਰਨਣ ਕੀਤਾ ਹੈ :

ਤ੍ਰੈ ਕਾਲੇ ਦੋ ਉਜਾਲੇ ਪਤਲੇ ਪੰਜ ਪ੍ਰਕਾਰ
ਚਾਰ ਸੰਘਨ ਦੋ ਗਠਨ ਹੈ ਇਹ ਸੋਲਾਂ ਸ਼ਿੰਗਾਰ

ਵਿਆਖਿਆ : ਤ੍ਰੈ ਕਾਲੇ - ਅੱਖਾਂ, ਵਾਲ ਭਰਵੱਟੇ, ਦੋ ਉੱਜਲੇ -ਦੰਦ ਨਹੁੰ, ਪੰਜ ਪੁਤਲੇ - ਨੱਕ ਬੁੱਲ੍ਹ ਗਰਦਨ ਲੱਗ ਗਿੱਟਾ, ਚਾਰ ਸੰਘਨ - ਛਾਤੀ ਡੌਲੇ ਪੱਟ ਪਿੰਤਲੀਆਂ, ਦੋ ਗਠਨ - ਮੰਮੇ, ਨਿਤੰਬ



# ਧੀ ਦੇ ਜਨਮ ਵੇਲੇ ਦੇ ਗੀਤ ਅਤੇ ਰਸਮਾਂ

ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਸਭਿਆਚਾਰ ਵਿਚ ਧੀ ਦੇ ਜਨਮ ਦੀ ਕੋਈ ਖ਼ੁਸੀ ਨਹੀਂ ਮਨਾਈ ਜਾਂਦੀ ਸੀ। ਇਸ ਮੌਕੇ ਕੋਈ ਰਸਮ ਨਹੀਂ ਨਿਭਾਈ ਜਾਂਦੀ ਸੀ। ਕੋਈ ਗੀਤ ਨਹੀਂ ਗਾਇਆ ਜਾਂਦਾ ਸੀ। ਮੁੱਢ ਤੋਂ ਹੀ ਧੀ ਦੇ ਜਨਮ ਵੇਲੇ ਸਾਰਾ ਘਰ ਸੋਗ ਵਿਚ ਡੁੱਬ ਜਾਂਦਾ ਸੀ। 'ਪੱਥਰ ਡਿਗ ਪਿਆ' ਆਮ ਕਿਹਾ ਜਾਂਦਾ ਸੀ। ਕਈ ਥਾਵਾਂ ਤੇ ਧੀ ਨੂੰ ਜੰਮਦੇ ਹੀ ਮਾਰ ਦਿੱਤਾ ਜਾਂਦਾ ਸੀ। ਇਸਦਾ ਕਾਰਨ ਇਹ ਹੈ ਕਿ ਪੰਜਾਬ ਹਮੇਸ਼ਾਂ ਹੀ ਹਮਲਾਵਰਾਂ ਦੇ ਘੇਰੇ ਵਿਚ ਰਿਹਾ ਹੈ। ਇਥੇ ਹੀ ਬੱਸ ਨਹੀਂ, ਇਹ ਹਮਲਾਵਰ ਧੰਨ-ਮਾਲ ਦੀ ਲੁੱਟ ਖੋਹ ਦੇ ਨਾਲ਼-ਨਾਲ਼ ਧੀਆਂ-ਭੈਣਾਂ ਦੀ ਬੇ ਪਤੀ ਵੀ ਕਰਦੇ ਸਨ। ਧੀਆਂ ਨੂੰ ਚੁੱਕ ਕੇ ਵੀ ਲੈ ਜਾਂਦੇ ਸਨ। ਧੀ ਰੂਪੀ ਕਰੂੰਬਲ ਵੱਡੀ ਹੁੰਦੇ ਹੀ, ਪਤਾ ਨਹੀਂ ਕਿਹੜੇ ਵੇਲੇ, ਕਿਸ ਨੇ ਕਿੱਥੇ ਅਤੇ ਕਦੋਂ ਮਸਲ ਦੇਣੀ ਹੁੰਦੀ ਸੀ? ਅਜਿਹੀ ਸਥਿਤੀ ਵਿਚ ਧੀ ਦੇ ਜਨਮ ਸਮੇਂ ਮਾਂ-ਬਾਪ ਦੇ ਮਨ ਵਿਚ ਦਹਿਸ਼ਤ ਹੋਣਾ ਸੁਭਾਵਿਕ ਸੀ।

ਦੂਜਾ ਸਾਡਾ ਸਮਾਜ ਮਰਦ-ਪ੍ਰਧਾਨ ਰਿਹਾ ਹੈ। ਇਸ ਲਈ ਵੀ ਰੋਂਦੀਆਂ ਧੀਆਂ ਨੂੰ ਚੁੱਪ ਕਰਾਉਣ ਲਈ ਜਾਂ ਚੁੱਕ ਕੇ ਖਿਡਾਉਣ ਲਈ ਕੋਈ ਲੋਰੀ ਨਹੀਂ ਹੈ। ਲੋਕ ਧਾਰਾ ਵਿਗਿਆਨੀਆਂ ਦੇ ਮੱਤ ਅਨੁਸਾਰ ਲੋਕ ਕਾਵਿ ਦੇ ਵਧੇਰੇ ਭਾਗ ਦੀਆਂ ਸਿਰਜਣਹਾਰੀਆਂ ਔਰਤਾਂ ਹੀ ਹਨ। ਇਹ ਹੀ ਕਾਰਨ ਹੈ ਕਿ ਲੋਕਗੀਤਾਂ ਦੀਆਂ ਸਿਰਜਣਹਾਰੀਆਂ ਦਾ ਇਹ ਖ਼ਜਾਨਾ (ਲੋਰੀਆਂ) ਧੀਆਂ ਦੇ ਹਿੱਸੇ ਨਹੀਂ ਆਇਆ। ਲੋਕਗੀਤਾਂ ਅਤੇ ਬੋਲੀਆਂ ਵਿਚ ਧੀ ਨੂੰ ਜਨਮ ਵੇਲ਼ੇ ਹੀ ਕੋਸਿਆ ਜਾਂਦਾ ਸੀ। ਉਸਨੂੰ ਸੰਬੋਧਨ ਕਰਨ ਲਈ ਮਰ ਜਾਣੀ, ਕਾਲ ਖਾਧੀ, ਸਿਰਮੁੰਨੀ, ਬਲਾ ਆਦਿ ਸ਼ਬਦ ਅਕਸਰ ਹੀ ਵਰਤੇ ਜਾਂਦੇ ਸਨ। ਇਸ ਸ੍ਰਿਸ਼ਟੀ ਤੇ ਉਸਦੀ ਆਮਦ ਦਾ ਜ਼ਿਕਰ ਵਿਅੰਗ, ਫ਼ਿਕਰ ਜਾਂ ਖ਼ੌਫ਼ ਨਾਲ ਹੀ ਆਉਂਦਾ ਸੀ।

ਬੱਲੇ ਬੱਲੇ ਬਈ ਚਿੱਟੀ ਪੱਗ ਬੰਨ੍ਹ ਮੁੰਡਿਆ,
ਧੀ ਜੰਮ ਪਈ ਜਵਾਈ ਵਾਲ਼ਾ ਹੋ ਗਿਆ।

ਤੈਂ ਘਰ ਜੰਮ ਪਈ ਧੀ ਵੇ ਨਿਰੰਜਣਾ,
ਸੋਚੀਂ ਪੈ ਗਏ ਜੀਅ ਵੇ ਨਿਰੰਜਣਾ।
ਥੋੜ੍ਹਾ ਦਾਰੂ ਪੀ ਵੇ ਨਿਰੰਜਣਾ...2

ਬੱਲੇ ਬੱਲੇ ਨੱਤੀਆਂ ਘੜਾਈਆਂ ਰਹਿ ਗਈਆਂ,
ਦਿਨ ਚੜ੍ਹਦੇ ਨੂੰ ਜੰਮ ਪਈ ਤਾਰੋ।

ਬੱਲੇ ਬੱਲੇ ਬਈ ਬਾਝ ਭਰਾਵਾਂ ਦੇ।
ਮਰ ਜਾਵੋ ਨੀ ਚੰਦਰੀਓ ਭੈਣੋਂ।

ਕਾਕਾ ਲੈ ਲੈਨੀ ਆਂ,
ਪਲ਼ੰਘ ਤੇ ਬਹਿ ਰਹਿੰਨੀ ਆਂ।
ਮੁੰਨੀ ਲੈ ਲੈਨੀਂ ਆਂ,
ਮੈਂ ਭੁੰਜੇ ਬਹਿ ਰਹਿੰਨੀ ਆਂ।
ਮੁੰਨੀ ਲੈ ਕੇ ਮੈਂ ਨਵਾਂ ਸੂਟ ਸਵਾਇਆ,
ਸ਼ਾਬਾਸ਼ੇ ਮੇਰੇ ਮਾਹੀਏ ਦੇ।
ਜਿਨ ਉਹ ਵੀ ਗਲੋਂ ਲਹਾਇਆ,
ਮੁੰਨੀ ਲੈ ਲੈਨੀਂ ਆਂ,
ਮੈਂ ਭੁੰਜੇ ਬਹਿ ਰਹਿੰਨੀ ਆਂ।

ਨੀ ਸੱਸੀਏ! ਨੀ ਸੱਸੀਏ!
ਮੇਰੇ ਵਿਹੜੇ ਹੌਲੀ-ਹੌਲੀ ਆ।
ਨੀ ਦਾਈਏ! ਨੀ ਦਾਈਏ!
ਨਿੰਮ੍ਹਾਂ-ਨਿੰਮ੍ਹਾਂ ਦੀਵਾ ਨੀ ਜਗਾ।
ਨੀ ਸੱਸੀਏ! ਨੀ ਸੱਸੀਏ!
ਜੰਮ ਪਈ ਕਾਣੀ ਨੀ ਬਲਾ।
ਵੇ ਦਿਓਰਾ! ਵੇ ਦਿਓਰਾ!
ਡੂੰਘਾ ਜਿਹਾ ਟੋਆ ਵੇ ਪੁਟਾ।
ਵੇ ਦਿਓਰਾ! ਵੇ ਦਿਓਰਾ!
ਦੱਬਿਆ ਕਾਣੀ ਵੇ ਬਲਾ।

ਬੱਲੇ ਬੱਲੇ ਬਈ ਮੋਢੇ ਕੀ ਲਾਵਾਂ,
ਮੇਰੀ ਕੁੜੀ ਨੂੰਗ ਲਈ ਕਾਵਾਂ।

ਬੱਲੇ ਬੱਲੇ ਬਈ ਘਰ ਘਰ ਪੁੱਤ ਜੰਮਦੇ,
ਤੇਰੀ ਚੰਦਰੀ ਨੀਅਤ ਨੂੰ ਕੁੜੀਆਂ।

ਅਜੇ ਵੀ ਧੀਆਂ ਲਈ ਲਿਖੀ ਲੋਰੀ ਵਿਚ ਚਿੰਤਾ ਦਾ ਪ੍ਰਗਟਾਵਾ, ਸਹਿਮ ਅਤੇ ਡਰ ਹੈ। ਪੰਜਾਬੀ ਦੇ ਪ੍ਰਸਿੱਧ ਸ਼ਾਇਰ 'ਗੁਰਭਜਨ ਗਿੱਲ' ਦੀ ਭਰੂਣ ਹੱਤਿਆ ਬਾਰੇ 'ਲੋਰੀ' ਧੀਆਂ ਦੀ ਅਜੋਕੀ ਸਥਿਤੀ ਨੂੰ ਸਪਸ਼ਟ ਕਰ ਰਹੀ ਹੈ:

ਮਾਏਂ ਨੀ ਅਣਜੰਮੀ ਧੀ ਨੂੰ,
ਆਪਣੇ ਨਾਲੋਂ ਵਿਛੜੇ ਜੀਅ ਨੂੰ।
ਜਾਂਦੀ ਵਾਰੀ ਮਾਏਂ ਨੀ ਇਕ ਲੋਰੀ ਦੇ ਦੇ,
ਬਾਬਲ ਤੋਂ ਭਾਵੇਂ ਚੋਰੀ ਨੀ ਇਕ ਲੋਰੀ ਦੇ ਦੇ।

ਕਮਲਜੀਤ ਨੀਲੋਂ ਦੀ 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ' ਲੋਰੀ ਵੀ ਸਾਡੇ ਸਭਿਆਚਾਰ ਵਿਚ ਧੀਆਂ ਦੀ ਸਥਿਤੀ ਦੀ ਸੰਵੇਦਨਸ਼ੀਲ ਪੇਸ਼ਕਾਰੀ ਹੈ।

ਡਾ. ਪ੍ਰਿਤਪਾਲ ਸਿੰਘ ਮਹਿਰੋਕ6 ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਔਰਤ ਮਨ ਨੇ ਧੀ ਪਿਆਰ ਪ੍ਰਤੀ ਪ੍ਰਗਟਾਵਾ ਕਰਨ ਲਈ ਵਿਰਲੀਆਂ-ਟਾਂਵੀਆਂ ਲੋਰੀਆਂ ਦੀ ਰਚਨਾ ਜ਼ਰੂਰ ਕੀਤੀ ਹੈ। ਉਨ੍ਹਾਂ ਦੇ ਉਸ ਲੇਖ ਵਿਚ ਧੀਆਂ ਲਈ ਸਿਰਫ਼ ਇਕ ਲੋਰੀ ਦਰਜ ਹੈ। ਇਸ ਲੋਰੀ ਵਿਚ ਇਕ ਮਾਂ ਦੀ ਧੀ ਖੂਹ ਤੋਂ ਪਾਣੀ ਲੈਣ ਜਾਂਦੀ ਹੈ, ਮੀਂਹ ਵਰ੍ਹਨ ਲੱਗਦਾ ਹੈ ਅਤੇ ਮਾਂ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ।

ਗੁੱਡੀ ਮੇਰੀ ਬੀਬੀ ਰਾਣੀ, ਭਰ ਲਿਆਵੇ ਖੂਹੇ ਤੋਂ ਪਾਣੀ।

ਛਮ-ਛਮ ਬਰਸਿਆ ਮੀਂਹ, ਡਿੱਗ ਪਈ ਮੇਰੀ ਰਾਣੀ ਧੀ।

ਸੌਂ ਜਾ ਮੇਰੀ ਧੀ ਧਿਆਣੀ।

ਇਕ ਹੋਰ ਬੋਲੀ ਵੀ ਮਿਲੀ ਹੈ:

ਬੱਲੇ ਬੱਲੇ ਬਈ ਕੀ ਲੱਪ ਰਿਓੜੀਆਂ ਦੀ,
ਮੇਰੀ ਰੋਂਦੀ ਨਾ ਵਰਾਈ ਕਰਤਾਰੋ।

ਬੱਲੇ ਬੱਲੇ ਬਈ ਨਾਲ਼ੇ ਮੁੰਡੇ ਰੰਨਾਂ ਭਾਲਦੇ,
ਨਾਲੇ ਕੁੜੀਆਂ ਜੰਮਣ ਤੋਂ ਡਰਦੇ।

ਸਮਾਜ ਦੀ ਇਸ ਦੋਗਲੀ ਨੀਤੀ ਅਤੇ ਭਰੂਣ ਹੱਤਿਆ ਦੀ ਨਿਖੇਧੀ ਹਰਜਿੰਦਰ ਕੰਗ ਨੇ ਨਿਮਨਲਿਖਤ ਟੱਪੇ ਦੇ ਰੂਪ ਵਿਚ ਪੇਸ਼ ਕੀਤੀ ਹੈ:

ਫ਼ੁੱਲ ਨਦੀਆਂ 'ਚ ਤਾਰਦੇ ਓ,
ਮਾਵਾਂ ਨੂੰ ਤਾਂ ਰੱਬ ਮੰਨਦੇ,
ਧੀਆਂ ਕੁੱਖਾਂ ਵਿਚ ਮਾਰਦੇ ਓ।

ਇਸ ਨੂੰ ਸੋਚ ਵਿਚ ਆ ਰਿਹਾ ਪਰਿਵਰਤਨ ਕਹਿ ਸਕਦੇ ਹਾਂ। ਆਸ ਹੈ ਕਿ ਭਵਿੱਖ ਵਿਚ ਧੀਆਂ ਲਈ ਬਿਨਾਂ ਕਿਸੇ ਚਿੰਤਾ ਅਤੇ ਭੈਅ ਦਾ ਪ੍ਰਗਟਾਵਾ ਕੀਤਿਆਂ ਲੋਰੀਆਂ ਜ਼ਰੂਰ ਲਿਖੀਆਂ ਜਾਣਗੀਆਂ।

-ਨੀਲਮ ਸੈਣੀ




# WHITE ROSE BUILDERS

*We do not build houses, We create homes...*

## *Proudly Celebrating*

# 20 Years in Business



# DREAMLINE
HOMES

**Turning dreams into reality**

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

**- Fixed Price Contract - On Time Completion - No Hidden Costs**

LICENSED BUILDING PRACTITIONER • BUILDING CONFIDENCE • www.dbh.govt.nz

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED